# ਦੇਸ਼ ਦੁਆਬਾ

VOL - 3 ISSUE - 7
July 01-15, 2014

Postal Address
5101 Doe Hollow Pl, Antelope, CA-95843

www.deshdoaba.com
www.ambedkartimes.com



Phone : 510 709 5099
Fax: 510 441 9330
Email: Sangramsystems@gmail.com

NOW at SANGRAMS PALACE
Computer Repair
any brand, any problem

30063 Industrial Parkway S. W. Union City, CA-94587
(between FOODMAXX and HOME DEPOT)



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸੁਜੀਤ ਚੌਧਰੀ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਪਹਿਲੇ ਭਾਰਤੀ ਡੀਨ ਬਣੇ

ਵਾਸ਼ਿੰਗਟਨ—ਤੁਲਨਾਤਮਕ ਸੰਵਿਧਾਨਕ ਕਾਨੂੰਨ ਦੇ ਮਾਹਰ ਸੁਜੀਤ ਚੌਧਰੀ ਨੂੰ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਸਕੂਲ ਆਫ ਲਾਅ ਵਿਚ ਪਹਿਲੇ ਭਾਰਤੀ ਡੀਨ ਵਜੋਂ ਨਿਯੁਕਤ ਕੀਤਾ ਗਿਆ ਹੈ। ਦਿੱਲੀ ਵਿਚ ਪੈਦਾ ਹੋਏ ਟੋਰਾਂਟੋ ਵਿਚ ਪਲੇ ਸੁਜੀਤ ਨਿਊਯਾਰਕ ਦੇ ਸਕੂਲ ਆਫ ਲਾਅ ਵਿਚ ਸੇਸੇਲੀਆ ਗੋਏਟਜ਼ ਪ੍ਰੋਫੈਸਰ ਅਤੇ ਇਸ ਦੇ ਸੈਂਟਰ ਫਾਰ ਕੰਸਟੀਟਿਊਸ਼ਨ ਟ੍ਰਾਂਜੀਅਸ਼ ਦੇ ਸੰਸਥਾਪਕ ਰਹੇ ਹਨ। ਬਰਕਲੇ ਸਥਿਤ ਕੈਲੀਫੋਰਨੀਆ ਯੂਨੀਵਰਸਿਟੀ ਦੇ ਸਕੂਲ ਆਫ ਲਾਅ ਦੇ 12ਵੇਂ ਡੀਨ ਦੇ



ਰੂਪ ਵਿਚ ਉਨ੍ਹਾਂ ਦਾ ਪੰਜ ਸਾਲ ਦਾ ਕਾਰਜਕਾਲ ਸੋਮਵਾਰ ਤੋਂ ਸ਼ੁਰੂ ਹੋਇਆ ਸੀ। ਬਰਕਲੇ ਦੇ ਕਾਰਜਕਾਰੀ ਵਾਈਸ ਚਾਂਸਲਰ ਅਤੇ ਪ੍ਰਧਾਨ ਕਲਾਉਡੇ ਸਟੀਲੇ ਨੇ ਸੁਜੀਤ ਨੂੰ ਇਕ ਵਿਦਵਾਨ ਪ੍ਰੋਫੈਸਰ ਅਤੇ ਸਲਾਹਕਾਰ ਕਰਾਰ ਦਿੱਤਾ ਹੈ। ਬਰਕਲੇ ਲਾਅ ਸਕੂਲ ਦੇ ਸਲਾਨਾ ਟ੍ਰਾਂਸਕ੍ਰਿਪਟ ਮੈਗਜ਼ੀਨ ਨੂੰ ਦਿੱਤੀ ਇੰਟਰਵਿਊ ਵਿਚ ਸੁਜੀਤ ਨੇ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਜੀਵਨ ਭਰ ਦਾ ਮੌਕਾ ਕਰਾਰ ਦਿੱਤਾ ਹੈ। ਸੁਜੀਤ ਸੰਯੁਕਤ ਰਾਸ਼ਟਰ ਦੇ ਮੈਡੀਏਸ਼ਨ ਰਾਸ਼ਟਰ ਦੇ ਮੈਂਬਰ ਹਨ ਅਤੇ ਉਨ੍ਹਾਂ ਨੇ ਵਿਸ਼ਵ ਬੈਂਕ ਸੰਸਥਾਨ ਦੇ ਸਲਾਹਕਾਰ ਦੇ ਰੂਪ ਵਿਚ ਵੀ ਕੰਮ ਕੀਤਾ ਹੈ ਅਤੇ ਮਿਸਰ, ਜਾਰਡਨ, ਲੀਬੀਆ, ਟਿਊਨੀਸ਼ੀਆ, ਨੇਪਾਲ ਅਤੇ ਸ਼੍ਰੀਲੰਕਾ ਵਿਚ ਸੰਵਿਧਾਨਕ ਬਦਲਾਅ ਵਿਚ ਮਾਹਰ ਦੀ ਭੂਮਿਕਾ ਵੀ ਨਿਭਾਈ ਹੈ। ਸੁਜੀਤ ਨੇ ਸਾਲ 2011 ਵਿਚ ਨਿਊਯਾਰਕ ਯੂਨੀਵਰਸਿਟੀ ਆਫ ਲਾਅ ਮੈਗਜ਼ੀਨ ਤੋਂ ਕਿਹਾ ਸੀ ਕਿ ਉਨ੍ਹਾਂ ਦੇ ਪ੍ਰਵਾਸੀ ਭਾਰਤੀ-ਮਾਤਾ ਪਿਤਾ ਨੇ ਵਿਦਵਾਨਾਂ ਨੂੰ ਤਿਆਰ ਕਰਕੇ ਇਕ ਘਰ ਬਣਾਇਆ ਸੀ।

**ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵੱਲੋਂ ਤੀਆਂ ਦਾ 14ਵਾਂ ਮੇਲਾ 17 ਅਗਸਤ ਦਿਨ ਐਤਵਾਰ ਨੂੰ 1 ਵਜੇ ਐਸ. ਈ ਐਸ. ਹਾਲ ਐਲਗਰੋਵ ਵਿਖੇ ਕਰਵਾਇਆ ਜਾ ਰਿਹਾ ਹੈ।**

# ਪੰਜਾਬ ਦੇ ਪੇਂਡੂ ਹਲਕਿਆਂ ਵਿਚ ਵੱਧ ਰਿਹਾ ਹੈ ਦਲਿਤ ਅਤੇ ਗੈਰ ਦਲਿਤਾਂ ਵਿਚਕਾਰ ਟਕਰਾਅ

## ਦਲਿਤਾਂ ਨੂੰ ਸਿਰਫ ਸਿਆਸੀ ਹਿੱਤਾਂ ਲਈ ਵਰਤਣ ਦੀ ਨੀਤੀ ਤੇ ਚੱਲਦੀਆਂ ਹਨ ਸਿਆਸੀ ਪਾਰਟੀਆਂ

ਚੰਡੀਗੜ੍ਹ- ਪੰਜਾਬ ਦੇ ਕਈ ਪਿੰਡਾਂ ਵਿਚ ਦਲਿਤਾਂ ਅਤੇ ਉ-ਚੀਆਂ ਜਾਤੀਆਂ ਦੇ ਲੋਕਾਂ ਵਿਚਕਾਰ ਟਕਰਾਅ ਵਧਦਾ ਜਾ ਰਿਹਾ ਹੈ। ਇਸ ਦੇ ਪਿੱਛੇ ਸਿਆਸੀ ਅਤੇ ਗੈਰ ਸਿਆਸੀ ਦੋਵੇਂ ਕਿਸਮ ਦੇ ਕਾਰਨ ਜ਼ਿੰਮੇਵਾਰ ਹਨ। ਹਾਲ ਹੀ ਵਿਚ ਸੰਗਰੂਰ ਜ਼ਿਲ੍ਹੇ ਵਿਚ ਪੈਂਦੇ ਭਵਾਨੀਗੜ੍ਹ ਨੇੜਲੇ ਪਿੰਡ ਬਾਲਦ ਕਲਾਂ ਵਿਚ ਵਾਪਰੀ ਘਟਨਾ ਤੋਂ ਬਾਅਦ ਇਸ ਦਾ ਅਸਰ ਸਾਰੇ ਪੰਜਾਬ ਵਿਚ ਦੇਖਿਆ ਜਾ ਸਕਦਾ ਹੈ। ਪੰਜਾਬ ਤੋਂ ਬਾਹਰ ਦੇ ਦਲਿਤਾਂ ਦੀ ਹਾਲਤ ਤਾਂ ਕਿਸੇ ਤੋਂ ਲੁਕੀ ਨਹੀਂ ਪਰ ਪੰਜਾਬ ਦੇ ਕਈ ਖੇਤਰਾਂ ਵਿਚ ਦਲਿਤ ਭਾਈਚਾਰੇ ਦੀ ਹਾਲਤ ਵਿਚ ਕਾਫੀ ਸੁਧਾਰ ਆਇਆ ਹੈ, ਪਰ ਦਿਹਾਤੀ ਖੇਤਰਾਂ ਵਿਚ ਹਾਲੇ ਵੀ ਹਾਲਾਤ ਤਰਸਯੋਗ ਹਨ। ਦਲਿਤ ਭਾਈਚਾਰਾ ਅੱਜ ਵੀ ਵੱਖਰੀਆਂ ਕਾਲੋਨੀਆਂ ਵਿਚ ਰਹਿੰਦਾ ਹੈ ਅਤੇ ਰੋਜ਼ਾਨਾ ਦੀਆਂ ਲੋੜਾਂ ਲਈ ਕਿਸਾਨਾਂ ਅਤੇ ਜ਼ਿੰਮੀਦ-ਾਰਾਂ ਉਤੇ ਨਿਰਭਰ ਕਰਦਾ ਹੈ। ਜਦੋਂ ਵੀ ਦਲਿਤਾਂ ਦੇ ਹੱਕ ਦੀ ਆਵਾਜ਼ ਉਠਦੀ ਹੈ ਤਾਂ ਉਚ ਜਾਤੀਆਂ ਨੂੰ ਇਹ ਆਵਾਜ਼ ਉਹਨਾਂ ਦੇ ਖਿਲਾਫ ਨਜ਼ਰ ਆਉਂਦੀ ਹੈ, ਜਿਸ ਕਰਕੇ ਟਕਰਾਅ ਦੀ ਨੌਬਤ ਆਉਂਦੀ ਰਹਿੰਦੀ ਹੈ।

ਪੰਜਾਬ ਦੇ ਦਿਹਾਤੀ ਹਲਕਿਆਂ ਵਿਚ ਹੁਣ ਤੱਕ ਦਲਿਤ ਭਾਈਚਾਰੇ ਨੂੰ ਸਿਰਫ ਵੋਟ ਬੈਂਕ ਲਈ ਹੀ ਵਰਤਿਆ ਜਾਂਦਾ ਰਿਹਾ ਹੈ। ਸਰਕਾਰਾਂ ਵੀ ਦਲਿਤਾਂ ਦੀਆਂ ਵੋਟਾਂ ਨੂੰ ਦੇਖ ਕੇ ਨੀਤੀਆਂ ਬਣਾਉਂਦੀਆਂ ਹਨ, ਜਦਕਿ ਦਲਿਤ ਭਾਈਚਾਰੇ ਦੀ ਪ੍ਰਤੀਨਿਧਤਾ ਕਰਨ ਵਾਲੀ ਪਾਰਟੀ ਬਸਪਾ ਹੁਣ ਪੰਜਾਬ ਵਿਚ ਆਪਣਾ ਆਧਾਰ ਗੁਆ ਰਹੀ ਹੈ। ਇਸ ਦਾ ਪ੍ਰਮੁੱਖ ਕਾਰਨ ਪਿਛਲੇ ਸਮੇਂ ਤੋਂ ਬਸਪਾ ਦੁਆਰਾ ਅਪਣਾਈ ਗਈ ਤੁਸ਼ਟੀਕਰਨ ਦੀ ਨੀਤੀ ਨੂੰ ਵੀ ਜ਼ਿੰਮੇਵਾਰ ਮੰਨਿਆ ਜਾਂਦਾ ਹੈ, ਜਿਸ ਕਰਕੇ ਦਲਿਤ ਭਾਈਚਾਰਾ ਇਸ ਤੋਂ ਦੂਰ ਹੋਇਆ ਹੈ। ਬਾਕੀ ਪਾਰਟੀਆਂ ਦੀ ਨੀਤੀ ਰਿਓੜੀਆਂ ਵੰਡਣ ਵਾਲੀ ਹੋਣ ਕਾਰਨ ਦਲਿਤਾਂ ਨੂੰ ਕਿਸੇ ਪਾਸੇ ਇਨਸਾਫ ਨਹੀਂ ਬਲਕਿ ਇਹਨਾਂ ਦੀਆਂ ਵੋਟਾਂ ਬਟੋਰਨ ਦੀਆਂ ਹੀ ਸਕੀਮਾਂ ਘੜੀਆਂ ਜਾਂਦੀਆਂ ਹਨ।

ਡੇਢ ਮਹੀਨੇ ਤੋਂ ਅੰਦਰ ਹੀ ਅੰਦਰ ਗੁੱਸੇ ਦੀ ਅੱਗ ਵਿਚ ਭੜਕ ਰਹੇ ਜ਼ਿਲ੍ਹਾ ਸੰਗਰੂਰ ਨੂੰ ਸ਼ਾਂਤੀ ਦੀ ਸੰਜੀਵਨੀ ਦੇਣ ਹੁਣ ਤੱਕ ਨਾ ਕੋਈ ਸਿਆਸੀ ਲੀਡਰ ਆਇਆ ਅਤੇ ਨਾ ਹੀ ਪ੍ਰਸ਼ਾਸਨ ਵੱਲੋਂ ਜ਼ਿੰਮੇਵਾਰੀ ਭਰਿਆ ਕੋਈ ਨਜ਼ਰੀਆ ਦੇਖਣ ਨੂੰ ਮਿਲਿਆ। ਪ੍ਰਸ਼ਾਸਨ ਸਿਰਫ ਬੋਲੀ ਕਰਵਾਉਣ ਤੱਕ ਸੀਮਤ ਹੈ। 15 ਮਈ ਤੋਂ ਬਦਹਾਲ ਹੋਏ ਹਾਲਾਤ ਅੱਜ ਸੰਭਲਣ ਦੀ ਜਾਏ ਵਿਗੜਦੇ ਜਾ ਰਹੇ ਹਨ ਅਤੇ ਸੰਗਰੂਰ ਜ਼ਿਲ੍ਹੇ ਵਿਚ ਜਾਤੀ ਦੇ ਨਾਂ ਤੇ ਹਿੰਸਾ ਦਾ ਖਤਰਾ ਵਧਣ ਲੱਗਿਆ ਹੈ।



ਬਾਲਦ ਕਲਾਂ ਕਾਂਡ ਵਿਚ ਦਲਿਤ ਭਾਈਚਾਰੇ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਲਿਜਾਂਦੀ ਪੁਲਿਸ

ਜ਼ਿੰਮੀਦਾਰ ਅਤੇ ਦਲਿਤ ਵਰਗ ਦੀਆਂ ਲੜਾਈਆਂ ਦੀ ਚਰਚਾ ਹੁਣ ਹਰ ਗਲੀ-ਨੁੱਕਰ ਵਿਚ ਹੋਣ ਲੱਗੀ ਹੈ, ਪਰ ਪਿੰਡ ਬੌਪੁਰ, ਭਰੋਈ ਅਤੇ ਬਾਲਦ ਕਲਾਂ ਵਿਚ ਲੋਕ ਇਕ ਦੂਜੇ ਨੂੰ ਇਕ ਅੱਖ ਵੀ ਨਹੀਂ ਦੇਖਦੇ। ਬੌਪੁਰ ਵਿਚ ਤਾਂ ਦਲਿਤ ਵਰਗ ਨੂੰ ਬਾਈਕਾਟ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੇ ਸੰਸਦੀ ਚੋਣਾਂ ਵਿਚ ਹਰ ਦਰਵਾਜ਼ਾ ਖੜਕਾਉਣ ਵਾਲੇ ਲੀਡਰਾਂ ਦੀ ਚੁੱਪ ਜਨਤਾ ਦੇ ਮਨ ਵਿਚ ਸਵਾਲ ਵੀ ਖੜ੍ਹੇ ਕਰ ਰਹੀ ਹੈ।

ਪਿੰਡ ਬੌਪੁਰ ਵਿਚ ਦਲਿਤਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਇੱਥੇ ਉਚ ਵਰਗ ਦੇ ਕੇਵਲ 15 ਪਰਿਵਾਰਾਂ ਨੂੰ ਛੱਡ ਕੇ ਬਾਕੀਆਂ ਵੱਲੋਂ ਦਲਿਤਾਂ ਦਾ ਬਾਈਕਾਟ ਬਰਕਰਾਰ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਫਟਕਾਰ ਵੀ ਕੋਈ ਅਸਰ ਨਹੀਂ ਪਾ ਰਹੀ ਹੈ। ਦਲਿਤ ਵਰਗ ਬਾਈਕਾਟ ਦੇ ਕਾਰਨ ਘਰੇਲੂ ਵਸਤਾਂ ਮਹਿੰਗੀਆਂ ਖਰੀਦਣ ਲਈ ਮਜ਼ਬੂਰ ਹੈ। ਕੰਮ ਨਹੀਂ ਮਿਲ ਰਿਹਾ ਹੈ, ਇਸ ਕਰਕੇ ਦੂਰ ਦੁਰਾਡੇ ਦੇ ਪਿੰਡਾਂ ਵਿਚ ਕੰਮ ਦੀ ਭਾਲ ਕਰਨੀ ਪੈ ਰਹੀ ਹੈ।

### ਘਰ ਛੱਡ ਗਏ ਕਈ ਦਲਿਤ ਪਰਿਵਾਰ

ਹਾਲਾਤ ਵਿਗੜਦੇ ਦੇਖ ਕੇ ਪਿੰਡ ਦੇ ਸੰਤਾ ਰਾਮ, ਸੁਭਾਸ਼ ਕੁਮਾਰ ਅਤੇ ਬਲਵੀਰ ਸਿੰਘ ਤਾਂ ਘਰ ਨੂੰ ਹੀ ਜਿੰਦਰਾ ਲਗਾ ਕੇ ਨਿਕਲ ਗਏ ਹਨ, ਜਦਕਿ ਹਰਾ ਚਾਰਾ ਨਾ ਮਿਲਣ ਦੇ ਕਾਰਨ ਸ਼ਮਸ਼ੇਰ ਸਿੰਘ, ਸੱਤਿਆਵਾਨ ਅਤੇ ਜਗਰੂਪ ਸਿੰਘ ਨੇ ਆਪਣੇ ਦੁਧਾਰੂ ਪਸ਼ੂ ਵੇਚ ਦਿੱਤੇ ਹਨ। ਮਨਰੇਗਾ ਦੇ ਸਹਾਰੇ ਦਲਿਤਾਂ ਨੂੰ ਕੰਮ ਦੇ ਕੇ ਪ੍ਰਸ਼ਾਸਨ ਮਾਮਲੇ ਨੂੰ ਠੰਡਾ ਕਰਨਾ ਚਾਹੁੰਦਾ ਹੈ ਪਰ ਦੋ ਗਰੁੱਪਾਂ ਵਿਚ ਵੰਡੇ ਪਿੰਡ ਦੀ ਜਨਤਾ ਦੇ ਦਿਲਾਂ ਵਿਚ ਤਰੇੜਾਂ ਘੱਟ ਹੋਣ ਦੀ ਬਜਾਏ ਵਧਦੀਆਂ ਜਾ ਰਹੀਆਂ ਹਨ।

### ਪਿੰਡ ਮਤੇਈ ਵਿਚ ਵੀ ਵਿਗੜੇ ਹਾਲਾਤ

ਇੱਧਰ ਪਿੰਡ ਮਤੇਈ ਦੇ ਹਾਲਾਤ ਵੀ ਜ਼ਿਆਦਾ ਠੀਕ ਨਹੀਂ ਹਨ। 23 ਜੂਨ ਨੂੰ ਪਿੰਡ ਦੇ ਹੀ ਦੋ ਗਰੁੱਪਾਂ ਵਿਚ ਖੂਨੀ ਸੰਘਰਸ਼ ਹੋ ਚੁੱਕਾ ਹੈ। ਮਾਹੌਲ ਵੀ ਤਣਾਅਪੂਰਨ ਬਣਿਆ ਹੋਇਆ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬੈਨਰ ਹੇਠ ਪੰਚਾਇਤੀ ਜ਼ਮੀਨ ਵਿਚ ਐਸ ਸੀ ਕੋਟੇ ਦੀ ਜ਼ਮੀਨ ਪ੍ਰਾਪਤ ਕਰਨ ਦੇ ਲਈ ਚੱਲ ਰਹੇ ਸੰਘਰਸ਼ ਦਾ ਮੋਰਚਾ ਹੁਣ ਪਿੰਡ ਦੀਆਂ ਲੜਕੀਆਂ ਨੇ ਸੰਭਾਲ ਲਿਆ ਹੈ।ਸੰਦੀਪ ਕੌਰ, ਤੇਜਪਾਲ ਕੌਰ, ਗੁਰਮੀਤ ਕੌਰ, ਦਲਜੀਤ ਕੌਰ ਅਤੇ ਮਨਦੀਪ ਕੌਰ ਦੀ ਮੰਨੀਏ ਤਾਂ ਪਿੰਡ ਮਤੇਈ ਵਿਚ ਐਸ ਸੀ. (ਅਨੁਸੂਚਿਤ ਜਾਤੀ) ਸ਼੍ਰੇਣੀ ਦੀ 17 ਵਿੱਘੇ ਪੰਚਾਇਤੀ ਜ਼ਮੀਨ ਦੀ ਬੋਲੀ ਦੇ ਕੇ ਅਨੁਸੂਚਿਤ ਜਾਤੀ ਦੇ ਲੋਕ ਹੀ ਇਸਤੇਮਾਲ ਕਰਨਾ ਚਾਹੁੰਦੇ ਹਨ, ਪਰ ਪਿੰਡ ਦੇ ਕੁਝ ਜ਼ਿੰਮੀਦਾਰ ਬੋਲੀ ਦਿਵਾ ਕੇ ਇਸਦਾ ਇਸਤੇਮਾਲ ਕਰਨਾ ਚਾਹੁੰਦੇ ਹਨ। ਸੰਘਰਸ਼ ਨੂੰ ਪਿੰਡ ਦੇ ਹੀ ਲੋਕ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਿਸਾਨਾਂ ਦੁਆਰਾ ਲੜਕੀਆਂ ਅਤੇ ਉਹਨਾਂ ਦੇ ਪਰਿਵਾਰ ਵਾਲਿਆਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਹਾਲਾਂਕਿ ਸੰਘਰਸ਼ ਜਾਰੀ ਰੱਖਣ ਤੇ ਲੜਕੀਆਂ ਅੜੀਆਂ ਹੋਈਆਂ ਹਨ।

ਪਿੰਡ ਬਾਲਦ ਕਲਾਂ ਵਿਚ ਵੀ ਵਧਿਆ ਰੋਸ

ਪਿੰਡ ਬਾਲਦ ਕਲਾਂ ਵਿਚ ਲਾਠੀਚਾਰਜ ਵਿਚਕਾਰ 27 ਜੂਨ ਨੂੰ ਹੋਈ ਜ਼ਮੀਨ ਦੀ ਬੋਲੀ ਨੂੰ ਸੰਪੂਰਨ ਕਰਵਾ ਕੇ ਪ੍ਰਸ਼ਾਸਨ ਬੇਸ਼ੱਕ ਇਸਨੂੰ ਆਪਣੀ ਕਾਮਯਾਬੀ ਮੰਨ ਰਿਹਾ ਹੈ,

(ਬਾਕੀ ਸਫਾ 10 ਤੇ)



ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੂਸਰੇ ਮਹਾਨ ਨਗਰ ਕੀਰਤਨ ਦਾ ਪੋਸਟਰ ਜਾਰੀ ਕਰਦੇ ਹੋਏ


Prime Real Estate Services
Kulwinder Singh Realtor



Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465
Email: Kelvindjhamat@yahoo.com
679 N. Palora Ave. #C Yuba City, CA 95991



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ੴ ਸਤਿਗੁਰ ਪ੍ਰਸਾਦਿ ॥

ੴ — ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹੁ ਨਹੀ ਤਿਹਿ ਠਾਉ। — ਸੋਹੰ



### ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਯਾਦ ਵਿੱਚ

# ਦੂਸਰਾ ਮਹਾਨ ਨਗਰ ਕੀਰਤਨ

## ਅਤੇ 10 ਦਿਨ ਦੇ ਵਿਸ਼ੇਸ਼ ਦੀਵਾਨ

**ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ**
**61-01 Broadway, Woodside NY 11377**

## ਵਿਖੇ 4 ਜੁਲਾਈ ਦਿਨ ਸ਼ੁੱਕਰਵਾਰ ਤੋਂ 13 ਜੁਲਾਈ 2014 ਦਿਨ ਐਤਵਾਰ ਤੱਕ

**ਧੰਨ ਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਦ ਵਿੱਚ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਛਤਰ ਛਾਇਆ ਹੇਠ ਸਜਾਏ ਜਾ ਰਹੇ ਦੂਸਰੇ ਮਹਾਨ ਨਗਰ ਕੀਰਤਨ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਮੁਬਾਰਕਾਂ ਹੋਵਨ**

ਰੱਬੀ ਰਾਹ ਨੂੰ ਭੁਲਕੇ ਜਦੋਂ ਮਨੁੱਖਤਾ ਕੁਰਾਹੇ ਪੈ ਜਾਂਦੀ ਹੈ ਨਿਤ ਦਿਹਾੜੇ ਭੁੱਲੀ ਭਟਕਦੀ ਠੋਕਰਾਂ ਖਾਂਦੀ ਹੈ। ਫਿਰ ਰੱਬ ਦੀ ਬਖਸ਼ਿਸ਼ ਵਿੱਚੋਂ ਗੁਰੂ ਜੋਤ ਸੰਸਾਰ ਅੰਦਰ ਇਨਸਾਨੀ ਜਾਮੇ ਵਿੱਚ ਪ੍ਰਗਟ ਹੁੰਦੀ ਹੈ ਜੋ 14ਵੀਂ ਸਦੀ ਵਿੱਚ ਬਨਾਰਸ ਦੀ ਧਰਤੀ ਉੱਤੇ ਸਤਿਕਾਰਯੋਗ ਪਿਤਾ ਸੰਤੋਖ ਦਾਸ ਦੇ ਘਰ ਸਤਿਕਾਰਯੋਗ ਮਾਤਾ ਕਲਸਾ ਜੀ ਦੀ ਕੁੱਖ ਤੋਂ ਪ੍ਰਗਟ ਹੋਈ। ਜਿਸ ਨੂੰ ਅੱਜ ਸਮੁੱਚਾ ਸੰਸਾਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਯਾਦ ਕਰਦਾ ਨਮਸਕਾਰ ਕਰਦਾ ਹੈ। ਇਹ ਭਟਕਦੀ ਲੋਕਾਈ ਕਿਵੇਂ ਰੱਬ ਦੇ ਦਰ ਉੱਤੇ ਪਰਵਾਨ ਹੋਵੇ ਉਸ ਲਈ ਸਤਿਗੁਰਾਂ ਨੇ ਇਲਾਹੀ ਬੋਲ ਇਸ ਸੰਸਾਰ ਦੀ ਝੋਲੀ ਵਿੱਚ ਪਾਏ। ਜਿਹੜੇ ਅੱਜ ਧੰਨ ਗੁਰੂ ਗ੍ਰੰਥ ਸਾਹਿਬ ਅੰਦਰ 16 ਰਾਗਾਂ ਵਿੱਚ 40 ਸ਼ਬਦ ਦਰਜ ਹਨ। ਮਨੁੱਖਤਾ ਉੱਤੇ ਮਹਾ ਪਰਉਪਕਾਰ ਕਰਨ ਵਾਲੇ ਮਹਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਯਾਦ ਵਿੱਚ ਦੂਸਰੇ ਮਹਾਨ ਨਗਰ ਕੀਰਤਨ ਅਤੇ 10 ਦਿਨ ਦੇ ਵਿਸ਼ੇਸ਼ ਦੀਵਾਨ ਆਪ ਸਾਧ-ਸੰਗਤ ਦੇ ਸਹਿਯੋਗ ਤੇ ਸਤਿਗੁਰਾਂ ਦੀ ਕ੍ਰਿਪਾ ਨਾਲ ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਲੋਂ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਚੜਦੀਕਲਾ ਵਿੱਚ ਹੋ ਰਹੇ ਹਨ। ਸੰਗਤਾਂ ਨੂੰ ਵੱਧ-ਚੜ੍ਹ ਕੇ ਮਹਾਨ ਨਗਰ ਕੀਰਤਨ ਅਤੇ ਮਹਾਨ ਦੀਵਾਨਾਂ ਵਿੱਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।



ਗੁਰੂ ਪਿਆਰੀ ਸਾਧ-ਸੰਗਤ ਜੀਓ,

ਆਪ ਜੀ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੇ ਪਿਛਲੇ ਸਮੇਂ ਤੋਂ ਰੁਕੇ ਉਸਾਰੀ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਆਪਣੇ ਤਨ-ਮਨ ਅਤੇ ਧਨ ਦੇ ਸਹਿਯੋਗ ਨਾਲ ਅਖੀਰਲਾ ਗੇੜਾ ਸ਼ੁਰੂ ਕਰਵਾਈਏ। ਸੋ ਆਪਣੀਆਂ ਸੋਚੀਆਂ-ਸੁੱਚੀਆਂ ਕਿਰਤ ਕਮਾਈਆਂ ਵਿੱਚੋਂ ਦਸਵੰਧ ਕੱਢ ਕੇ ਆਓ ਗੁਰੂ ਘਰ ਦੀ ਇਮਾਰਤ ਦੇ ਖੂਬਸੂਰਤ ਸੁਪਨੇ ਨੂੰ ਸਾਕਾਰ ਕਰਕੇ ਆਉਣ ਵਾਲੀ ਪੀੜ੍ਹੀ ਲਈ ਵਿਰਾਸਤ ਵਾਂਗ ਕਾਇਮ ਕਰੀਏ।



**ਪਹੁੰਚ ਰਹੇ ਕੀਰਤਨੀ ਜਥੇ, ਕਥਾ ਵਾਚਕ ਅਤੇ ਢਾਡੀ ਜਥੇ**

- ਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ ਜੀ (ਸ਼੍ਰੀ ਦਰਬਾਰ ਸਾਹਿਬ ਵਾਲੇ)
- ਭਾਈ ਪਰਮਜੀਤ ਸਿੰਘ ਜੀ (ਉਤਰਾਖੰਡ ਵਾਲੇ)
- ਭਾਈ ਅਮਰਜੀਤ ਸਿੰਘ ਜੀ (ਚੰਡੀਗੜ੍ਹ ਵਾਲੇ)
- ਭਾਈ ਦਰਸ਼ਨ ਸਿੰਘ ਜੀ (ਦਿੱਲੀ ਵਾਲੇ)
- ਭਾਈ ਪਦਮ ਸਿੰਘ ਜੀ (ਲੁਧਿਆਣੇ ਵਾਲੇ)

ਨਗਰ ਕੀਰਤਨ ਵਿੱਚ ਸੰਗਤ ਦੀ ਸੇਵਾ ਲਈ ਕਿਸੇ ਵੀ ਤਰ੍ਹਾਂ ਦਾ ਸਟਾਲ ਲਗਵਾਉਣ ਲਈ ਪ੍ਰਬੰਧਕੀ ਸੇਵਾਦਾਰਾਂ ਨਾਲ ਸੰਪਰਕ ਕਰੋ।

**ਸੰਗਤ ਦੀ ਸੁਵਿਧਾ ਲਈ ਗੁਰੂ ਘਰ ਵਲੋਂ ਹਰ ਪ੍ਰਕਾਰ ਦੇ ਪ੍ਰਬੰਧ ਕੀਤੇ ਗਏ ਹਨ।**

**ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕੇ ਲੰਗਰ ਅਤੁੱਟ ਵਰਤਣਗੇ**

### ਪ੍ਰੋਗਰਾਮ

**12 ਜੁਲਾਈ 2014 ਦਿਨ ਸ਼ਨੀਵਾਰ**

ਨਗਰ ਕੀਰਤਨ---------------------- 11:00 ਵਜੇ ਸਵੇਰੇ

ਗੁਰੂ ਘਰ ਤੋਂ ਆਰੰਭ ਹੋ ਕੇ 74 ਸਟਰੀਟ ਜੈਕਸਨ ਹਾਈਟਸ (ਪੰਜਾਬੀ ਬਜ਼ਾਰ) ਏਰੀਆ ਵਿੱਚ ਸੰਗਤਾਂ ਨੂੰ ਦਰਸ਼ਨਾ ਨਾਲ ਨਿਹਾਲ ਕਰਕੇ ਵਾਪਸ 3 ਵਜੇ ਗੁਰੂ ਘਰ ਪਹੁੰਚੇਗਾ।

4 ਜੁਲਾਈ 2014 ਦਿਨ ਸ਼ੁੱਕਰਵਾਰ ਤੋਂ 13 ਜੁਲਈ 2014 ਦਿਨ ਐਤਵਾਰ ਤੱਕ ਹਰ ਰੋਜ਼ ਸ਼ਾਮ 6 ਵਜੇ ਤੋਂ 9 ਵਜੇ ਤੱਕ ਕੀਰਤਨ ਦੀਵਾਨ ਹੋਣਗੇ।

6 ਜੁਲਾਈ 2014 ਦਿਨ ਐਤਵਾਰ ਅਤੇ 13 ਜੁਲਾਈ 2014 ਦਿਨ ਐਤਵਾਰ ਦੇ ਦੀਵਾਨ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੋਣਗੇ।



ਅਤੇ ਹੋਰ ਵੀ ਕੀਰਤਨੀਏ, ਕਥਾਵਾਚਕ, ਢਾਡੀ, ਕਵੀਸ਼ਰ ਹਾਜ਼ਰੀਆਂ ਭਰਕੇ ਸੰਗਤਾਂ ਤੋਂ ਅਸੀਸ ਪ੍ਰਾਪਤ ਕਰਨਗੇ।

**ਦੂਸਰੇ ਮਹਾਨ ਨਗਰ ਕੀਰਤਨ ਤੇ ਜਿੱਥੇ ਨਿਊਯਾਰਕ ਸਿਟੀ ਦੇ ਸਰਕਾਰੀ ਨੁਮਾਇਦੇ ਪਹੁੰਚ ਰਹੇ ਹਨ ਉੱਥੇ ਨਾਲ ਦੂਸਰੀ ਸਟੇਟਾਂ ਅਤੇ ਦੂਸਰੇ ਦੇਸ਼ਾਂ ਤੋਂ ਵੀ ਵਿਸ਼ੇਸ਼ ਮਹਿਮਾਨ ਸ਼ਿਰਕਤ ਕਰਕੇ ਨਗਰ ਕੀਰਤਨ ਦੀ ਸ਼ੋਭਾ ਵਧਾਉਣਗੇ।**

ਗੁਰੂ ਘਰ ਤੋਂ ਇਨ੍ਹਾਂ ਮਹਾਨ ਦੀਵਾਨਾਂ ਅਤੇ ਨਗਰ ਕੀਰਤਨ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਰਾਹੀ ਦੇਸ਼ ਵਿਦੇਸ਼ ਵਿੱਚ ਬੈਠੀਆਂ ਸੰਗਤਾਂ ਤੱਕ ਵੀ ਪਹੁੰਚਾਇਆ ਜਾਵੇਗਾ। ਬਲਦੇਵ ਝੱਲੀ BBC PUNJAB ਰੇਡੀਓ ਇਟਲੀ ਵਲੋਂ ਸਾਰੇ ਪ੍ਰੋਗਰਾਮਾਂ ਦੇ ਸਿੱਧੇ ਪ੍ਰਸਾਰਨ ਕੀਤੇ ਜਾਣਗੇ।

**ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ, ਸਮੂਹ ਟਰੱਸਟ ਕਮੇਟੀ**

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ 718-898-8150 ਫੈਕਸ : 718-898-0932**

ਗ੍ਰੰਥੀ : ਭਾਈ ਅਮਰਜੀਤ ਸਿੰਘ 718-213-8136, ਮੁੱਖ ਸੇਵਾਦਾਰ : ਸ. ਨਿਰਮਲ ਸਿੰਘ 347-538-8296, ਚੇਅਰਮੈਨ : ਨੰਦ ਲਾਲ 646-441-1520, ਕੈਸ਼ੀਅਰ : ਭੋਲਾ ਕਲੇਰ 917-405-1168, ਜ. ਸਕੱਤਰ : ਪਰਮਜੀਤ ਲਾਲ 917-854-8628, ਸਕੱਤਰ : ਚਰਨਜੀਤ ਸਿੰਘ ਝੱਲੀ 646-201-0197,
ਸੀ. ਵਾਈਸ ਪ੍ਰਧਾਨ: ਮਨੋਹਰ ਕਲੇਰ, ਵਾਈਸ ਪ੍ਰਧਾਨ: ਸੁੱਖ ਰਾਮ, ਸੈਕਟਰੀ: ਸੁਰੇਸ਼ ਕੁਮਾਰ, ਲੰਗਰ ਇੰਨਚਾਰਜ: ਨਿਰਮਲ ਸਿੰਘ, ਕੈਸ਼ੀਅਰ: ਜਗਤਾਰ ਸਿੰਘ
ਟਰੱਸਟੀ ਸੇਵਾਦਾਰ : ਜਸਵੀਰ ਕੁਮਾਰ, ਮਹਿੰਦਰ ਪਾਲ, ਹੁਸਨ ਲਾਲ, ਹੇਮ ਰਾਜ, ਸੁਖਵਿੰਦਰ ਲੱਧੜ, ਗੁਰਦੇਵ ਸਿੰਘ, ਸੁਰਿੰਦਰ ਪਾਲ, ਹੰਸ ਰਾਜ, ਸੂਰਜ ਪ੍ਰਕਾਸ਼, ਰਮੇਸ਼ ਕੁਮਾਰ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਕਬੀਰ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ












ਯੂਬਾ ਸਿਟੀ (ਦਲਵਿੰਦਰ ਰੱਲ੍ਹ)- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੀਫੋਰਨੀਆ) ਵਿਖੇ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਤਿਗੁਰੂ ਕਬੀਰ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ 22 ਜੂਨ ਨੂੰ ਮਨਾਇਆ ਗਿਆ।

ਇਸ ਸਬੰਧਤ 20 ਜੂਨ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਰਖਾਏ ਗਏ ਅਤੇ 21 ਜੂਨ ਦਿਨ ਸ਼ਨੀਚਰਵਾਰ ਨੂੰ ਸ਼ਾਮੀ ਕੀਰਤਨ ਦਰਬਾਰ ਸਜਾਏ ਗਏ, ਉਸ ਤੋਂ ਪਹਿਲਾਂ ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਤੇ ਉਹਨਾਂ ਦੇ ਪਰਿਵਾਰ ਵੱਲੋਂ ਨਿਸ਼ਾਨ ਸਾਹਿਬ ਨੂੰ ਨਵੇਂ ਚੋਲਾ ਸਾਹਿਬ ਪਹਿਨਾਏ ਜਾਣ ਦੀ ਸੇਵਾ ਨਿਭਾਈ ਗਈ। ਭਾਈ ਚਰਨ ਸਿਘ ਪੜਪੱਗਾ ਜੀ ਨੇ ਆਰਤੀ ਗਾਇਨ ਕੀਤੀ।

22 ਜੂਨ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਦੌਰਾਨ ਗੁਰੂ ਘਰ ਦੇ ਸੇਵਕ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਦੀ ਸੇਵਾ ਸੰਭਾਲਦਿਆਂ ਸਭ ਤੋਂ ਪਹਿਲਾਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦਾ ਕੋਟਿਨ ਕੋਟਿ ਧੰਨਵਾਦ ਕੀਤਾ, ਜਿਹਨਾਂ ਤਿੰਨੇ ਦਿਨ ਆਪਣੀਆਂ ਸੇਵਾਵਾਂ ਅਰਪਿਤ ਕਰਦਿਆਂ ਗੁਰੂ ਘਰ ਨਾਲ ਇਸੇ ਤਰ੍ਹਾਂ ਜੁੜੇ ਰਹਿਣ ਦੀ ਵਚਨਬੱਧਤਾ ਦਿਖਾਈ। ਇਸ ਦੇ ਨਾਲ ਹੀ ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਤੇ ਉਹਨਾਂ ਦੇ ਪਰਿਵਾਰ ਦਾ ਵੀ ਧੰਨਵਾਦ ਕੀਤਾ, ਜੋ ਗੁਰੂ ਘਰ ਦੀ ਸੇਵਾ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ।

ਸਤਿਗੁਰੂ ਕਬੀਰ ਸਾਹਿਬ ਜੀ ਦੀ ਮਹਿਮਾ ਬੜੀ ਹੀ ਅਪਰ ਅਪਾਰ ਰਹੀ ਹੈ। ਉਨ੍ਹਾਂ ਦੀ ਬਾਣੀ ਮਨੁੱਖ ਨੂੰ ਮਨੁੱਖ ਅਤੇ ਬਰਾਬਰ ਸਮਝਣਦਾ ਉਪਦੇਸ਼ ਦਿੰਦੀ ਹੈ। ਅਜਿਹੀ ਵਿਚਾਰਧਾਰਾ ਨੂੰ ਕਥਾ ਦੇ ਰੂਪ ਵਿਚ ਭਾਈ ਸਾਹਿਬ ਭਾਈ ਗੁਰ- ਦੇਵ ਸਿੰਘ ਜੀ ਯੂਬਾ ਸਿਟੀ ਵਾਲੇ ਅਤੇ ਸ਼ਬਦ ਗਾਇਨ ਰਾਹੀਂ ਭਾਈ ਸਾਹਿਬ ਭਾਈ ਗੁਰਬਚਨ ਸਿੰਘ ਮੁਸਾਫਿਰ ਰੋਜ਼ਵਿਲ ਵਾਲੇ ਅਤੇ ਉਹਨਾਂ ਦੇ ਜਥੇ ਨੇ ਸੰਗਤਾਂ ਨੂੰ ਸਰਵਣ ਕਰਵਾ ਕੇ ਨਿਹਾਲ ਕੀਤਾ। ਸਤਿਗੁਰਾਂ ਦੀ ਕਿਰਪਾ ਆਪਾਰ ਸੀ ਕਿ ਸੰਗਤਾਂ ਜਿੱਥੇ ਭਾਰੀ ਗਿਣਤੀ ਵਿਚ ਪਹੁੰਚੀਆਂ ਸਨ, ਉਥੇ ਉਹਨਾਂ ਸੰਪੂਰਨ ਇਕਾਗਰਤਾ ਨਾਲ ਆਪਣੀਆਂ ਹਾਜ਼ਰੀਆਂ ਭਰੀਆਂ। ਭਾਈ ਸਾਹਿਬ ਭਾਈ ਗੁਰਬਚਨ ਸਿੰਘ ਮੁਸਾਫਿਰ ਜਥੇ ਨੇ ਸਤਿਗੁਰੂ ਕਬੀਰ ਸਾਹਿਬ ਜੀ ਦੀ ਕੋਈ 17 ਰਾਗਾਂ ਵਿਚ ਰਚਿਤ ਬਾਣੀ ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ ਵਿਚੋਂ ਰਸ ਭਿੰਨਾ ਸ਼ਬਦ ਗਾਇਨ ਕਰਦਿਆਂ ਸੰਗਤਾਂ ਨੂੰ ਉਹਨਾਂ ਦੇ ਮਾਨਵਤਾਵਾਦੀ ਨਿਭਾਏ ਰੋਲ ਤੋਂ ਭਰਪੂਰ ਜਾਣੂ ਕਰਵਾਉਂਦਿਆਂ ਕਿਹਾ ਕਿ ਸਤਿਗੁਰੂ ਕਬੀਰ ਸਾਹਿਬ ਜੀ ਦੀ ਬਾਣੀ ''ਸਰਬ ਸਾਂਝੀਵਾਲਤਾ'' ਅਤੇ ''ਸਮਾਜਿਕ ਬਰਾਬਰੀ'' ਦਾ ਸਮੂਹ ਮਾਨਵਤਾ ਨੂੰ ਸੰਦੇਸ਼ ਦਿੰਦੀ ਹੈ। ਇਸ ਉਪਰੰਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਈ ਗੁਰਬਚਨ ਸਿੰਘ ਜੀ ਮੁਸਾਫਿਰ ਤੇ ਉਹਨਾਂ ਦੇ ਜਥੇ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ ਤੇ ਇਸ ਦੇ ਨਾਲ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਉਪਰੰਤ ਗੁਰੂ ਦੇ ਕੜਾਹ ਪ੍ਰਸ਼ਾਦ ਅਤੇ ਅਤੁੱਟ ਲੰਗਰ ਵਰਤਾਏ ਗਏ। ਸ਼ਨਿਚਰਵਾਰ ਦੇ ਲੰਗਰ ਦੀ ਸੇਵਾ ਸ਼ਿੰਗਾਰਾ ਸਿੰਘ ਰੱਲ੍ਹ ਪਰਿਵਾਰ ਵੱਲੋਂਅਤੇ ਐਤਵਾਰ ਵੇਲੇ ਲੰਗਰ ਦੀ ਸੇਵਾ ਗੁਰੂ ਘਰ ਵੱਲੋਂ ਕੀਤੀ ਗਈ।

ਗੁਰੂ ਘਰ ਦੇ ਖਜਾਨਚੀ ਸ੍ਰੀ ਦਿਲਵਿੰਦਰ ਰੱਲ੍ਹ ਨੇ ਸਭ ਦਾ ਧੰਨਵਾਦ ਕਰਦਿਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੁਰੂ ਘਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਮਾਲੀ ਸੇਵਾ ਕਰਨ ਦੀ ਕਿਰਪਾਲਤਾ ਕਰਨ ਜੀ।

ਫੋਟੋਆਂ ਅਤੇ ਰਿਪੋਰਟ- ਦਿਲਵਿੰਦਰ ਰੱਲ੍ਹ

## ਦੂਸਰੇ ਮਹਾਨ ਨਗਰ ਕੀਰਤਨ ਦਾ ਪੋਸਟਰ ਰਿਲੀਜ਼ ਕੀਤਾ ਗਿਆ

ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸੰਗਤ ਦੇ ਸਹਿਯੋਗ ਤੇ ਸਤਿਗੁਰੂ ਦੀ ਕਿਰਪਾ ਨਾਲ ਦੂਸਰਾ ਮਹਾਨ ਨਗਰ ਕੀਰਤਨ ਜੋ 12 ਜੁਲਾਈ ਦਿਨ ਸ਼ਨੀਵਾਰ ਨੂੰ ਕੱਢਿਆ ਜਾ ਰਿਹਾ ਹੈ, ਇਸ ਦੂਸਰੇ ਮਹਾਨ ਨਗਰ ਕੀਰਤਨ ਦਾ ਪੋਸਟਰ ਐਤਵਾਰ ਸ੍ਰੀ ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇ ਵਿਖੇ ਰਿਲੀਜ਼ ਕੀਤਾ ਗਿਆ। ਗੁਰੂ ਘਰ ਦੇ 28 ਸਾਲ ਦੇ ਇਤਿਹਾਸ ਵਿਚ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਸਾਲ ਉਦਮ ਕਰਕੇ ਸ਼ੁਰੂ ਕੀਤਾ ਗਿਆ ਸੀ। ਇਸ ਦੂਸਰੇ ਮਹਾਨ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ, ਜਿਸ ਵਿਚ ਸੰਗਤਾਂ ਵੱਧ ਚੜ੍ਹ ਕੇ ਭਾਗ ਲੈ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੀਆਂ ਹਨ। ਨਗਰ ਕੀਰਤਨ 12 ਜੁਲਾਈ ਨੂੰ 11 ਵਜੇ ਗੁਰੂ ਘਰ ਤੋਂ ਆਰੰਭ ਹੋਣਗੇ। 10 ਦਿਨ ਦੇ ਵਿਸ਼ੇਸ਼ ਦੀਵਾਨ 4 ਜੁਲਾਈ ਤੋਂ 13 ਜੁਲਾਈ ਤੱਕ ਹਰ ਰੋਜ਼ ਸ਼ਾਮੀ 6.30 ਤੋਂ 9:30 ਵਜੇ ਤੱਕ ਸਜਣਗੇ।ਸੰਗਤਾਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਨਿਮਰਤਾ ਸਹਿਤ ਪ੍ਰਬੰਧਕਾਂ ਵੱਲੋਂ ਬੇਨਤੀ ਕੀਤੀ ਜਾਂਦੀ ਹੈ।

## ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਵਿਖੇ ਮਾਤਾ ਹਰਬੰਸ ਕੌਰ ਬੰਗੜ ਜੀ ਦੀ ਅੰਤਿਮ ਅਰਦਾਸ ਦੇ ਭੋਗ ਪਾਏ

ਪਿਛਲੇ ਦਿਨੀਂ ਗਰੂ ਘਰ ਦੇ ਸੇਵਾਦਾਰ ਸ੍ਰੀ ਅਜੀਤ ਰਾਮ ਬੰਗੜ ਜੀ ਦੀ ਸੁਪਤਨੀ ਸ਼੍ਰੀਮਤੀ ਹਰਬੰਸ ਕੌਰ ਜੀ ਸਵਰਗ ਸਿਧਾਰ ਗਏੈ ਸਨ। ਉਹਨਾਂ ਦੀ ਅੰਤਿਮ ਅਰਦਾਸ ਦੇ ਲਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਮਾਤਾ ਹਰਬੰਸ ਕੌਰ ਜੀ ਗੁਰੂ ਦੇ ਸਾਬਕਾ ਚੇਅਰਮੈਨ ਸ੍ਰੀ ਅਜੀਤ ਰਾਮ ਬੰਗੜ ਜੀ ਦੀ ਸੁਪਤਨੀ ਅਤੇ ਗੁਰੂ ਘਰ ਦੇ ਸੇਵਾਦਾਰ ਅਤੇ ਸਾਬਕਾ ਸਟੇਜ ਸੈਕਟਰ ਸ੍ਰੀ ਰਮੇਸ਼ ਬੰਗੜ ਜੀ ਦੇ ਮਾਤਾ ਜੀ ਸਨ। ਮਾਤਾ ਜੀ ਦੀ ਆਤਮਿਕ ਸ਼ਾਂਤੀ ਦੇ ਲਈ 20 ਜੂਨ 2014 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ 22 ਜੂਨ ਨੂੰ ਭੋਗ ਪਾਏ ਗਏ, ਜਿਸ ਵਿਚ ਰਿਸ਼ਤੇਦਾਰਾਂ ਅਤੇ ਸੰਗਤਾਂ ਨੇ ਗੁਰੂ ਘਰ ਪਹੁੰਚ ਕੇ ਅੰਤਿਮ ਅਰਦਾਸ ਵਿਚ ਹਾਜ਼ਰੀਆਂ ਲਵਾਈਆਂ।



ਭੋਗ ਤੋਂ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਜੀ ਨੇ ਕੀਰਤਨ ਅਤੇ ਕਥਾ ਨਾਲ ਸੰਗਤਾਂ ਨੂੰ ਗੁਰਬਾਣੀ ਦਾ ਸੰਦੇਸ਼ ਦਿੱਤਾ। ਇਸ ਤੋਂ ਉਪਰੰਤ ਵਿਦਵਾਨ ਅਤੇ ਕਥਾਵਾਚਕ ਭਾਈ ਨੀਰ ਭੁਪਿੰਦਰ ਸਿੰਘ ਜੀ ਦਿੱਲੀ ਵਾਲਿਆਂ ਦੇ ਰਾਗੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਜੋੜਿਆ ਅਤੇ ਭਾਈ ਵੀਰ ਭੁਪਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਨਾਲ ਸੰਗਤਾਂ ਨੂੰ ਸੱਚੇ ਪਿਆਰ ਅਤੇ ਇਨਸਾਨੀਅਤ ਬਾਰੇ ਦੱਸਿਆ ਅਤੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬਾਰੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਹੀ ਰਹਿਬਰ ਸਤਿਕਾਰਯੋਗ ਹਨ ਅਤੇ ਸਾਰੇ ਹੀ ਗੁਰੂ ਹਨ ਕਿਉਂਕਿ ਜਦੋਂ ਅਸੀਂ ਬੋਲਦੇ ਹਾਂ ਕਿ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ, ਇਸ ਦਾ ਮਤਲਬ ਹੈ ਕਿ ਸਾਡਾ ਗੁਰੂ ਗੁਰੂ ਗ੍ਰੰਥ ਸਾਹਿਬ ਹੈ ਅਤੇ ਉਸ ਵਿਚ ਸਾਰੇ ਹੀ ਗੁਰੂ ਹਨ। ਸ੍ਰੀ ਗੁਰੂ ਰਵਿਦਾਸ ਸਭਾ ਦੇ ਚੇਅਰਮੈਨ ਅਤੇ ਜੱਸੀ ਬੰਗਾ ਜੀ ਦੇ ਮਾਤਾ ਹਰਬੰਸ ਕੌਰ ਜੀ ਨੂੰ ਆਪਣੇ ਅਤੇ ਕਮੇਟੀ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਅਤੇ ਨਾਲ ਹੀ ਸ੍ਰੀ ਮੋਹਨ ਰਾਮ ਪਾਲ ਜੀ ਨੇਸ਼ਰਧਾਂਜਲੀ ਅਰਪਿਤ ਕੀਤੀ।



ਸ੍ਰੀ ਰਮੇਸ਼ ਬੰਗੜ ਜੀ ਨੇ ਆਈਆਂ ਹੋਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ ਦੀ ਸੇਵਾ ਸ੍ਰੀ ਜੀਵਨ ਰੱਤੂ ਜੀ ਨੇ ਨਿਭਾਈ ਅਤੇ ਮਾਤਾ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਅੰਤ ਵਿਚ ਭਾਈ ਵੀਰ ਭੁਪਿੰਦਰ ਸਿੰਘ ਜੀ ਨੇ ਗੁਰੂ ਘਰ ਵੱਲੋਂ ਸਿਰੋਪਾ ਸਾਹਿਬ ਅਰਪਿਤ ਕੀਤਾ। ਅੰਤਿਮ ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

### ਇਤਿਹਾਸ ਦੇ ਝਰੋਖੇ 'ਚੋਂ

# ਆਰੀਆ ਲੋਕ ਅਤੇ ਭਾਰਤ ਦੇ ਮੂਲ ਨਿਵਾਸੀ

**ਆਦਿ ਧਰਮ ਮੰਡਲ (ਪੰਜਾਬ)**

ਸਭ ਤੋਂ ਪਹਿਲਾਂ ਅਸੀਂ ਇਹ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਅਸੀਂ ਹਿੰਦੂ ਨਹੀਂ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਾਚੀਨ ਕਾਲ ਤੋਂ ਰਾਜਸੀ ਤੇ ਆਰਥਿਕ ਦਬਾਅ ਵਜੋਂ ਸਾਨੂੰ ਹਿੰਦੂ ਧਰਮ ਦੇ ਸੰਗ ਰੱਖਿਆ ਹੋਇਆ ਹੈ। ਪਰ ਇਹ ਸਭ ਹਿੰਦੂਆਂ ਦੇ ਚਾਲਬਾਜ਼ਾਂ ਨੇ ਆਪਣੇ ਰਾਜਸੀ ਮਨੋਰਥਾਂ ਲਈ ਕੀਤਾ ਸੀ। ਅਸੀਂ ਹਿੰਦੂਆਂ ਤੋਂ ਉਵੇਂ ਹੀ ਅਲੱਗ ਹਾਂ ਜਿਵੇਂ ਪੂਰਬ ਤੋਂ ਪੱਛਮ ਅਤੇ ਉਤਰ ਤੋਂ ਦੱਖਣ ਹੈ।

ਅਸੀਂ ਭਾਰਤ ਦੇ ਮੂਲ ਨਿਵਾਸੀਆਂ ਦੀ ਸੰਤਾਨ ਹਾਂ ਜੋ ਇੱਥੋਂ ਦੇ ਧਰਤੀ-ਪੁੱਤਰ ਹਨ। ਸਾਨੂੰ ਆਰੀਆ ਲੋਕਾਂ ਨੇ ਜਿੱਤਿਆ ਤੇ ਸਾਡੇ ਨਾਲ ਉਦੋਂ ਤੋਂ ਹੀ ਜੰਗੀ ਕੈਦੀਆਂ ਵਾਲਾ ਸਲੂਕ ਕੀਤਾ ਜਾਂਦਾ ਹੈ ਅਤੇ ਉਹ ਵੀ ਮਨੁੱਖਤਾ ਤੋਂ ਨਿਮਨ ਦਰਜੇ ਦਾ। ਉਦੋਂ ਤੋਂ ਹੁਣ ਤੱਕ ਕਈ ਰਾਜਿਆਂ ਨੇ ਇਸ ਦੇਸ਼ ਉਤੇ ਰਾਜ ਕੀਤਾ ਪਰ ਸਾਡੇ ਲੋਕਾਂ ਦੀ ਹਾਲਤ ਜ਼ਰਾ ਜਿੰਨੀ ਵੀ ਸੁਧਾਰੀ ਨਾ ਗਈ। (ਆਦਿ ਧਰਮ ਮੰਡਲ, ਪੰਜਾਬ ਵੱਲੋਂ 1 ਅਪ੍ਰੈਲ 1932 ਨੂੰ ਇੰਡੀਅਨ ਫਰੈਂਚਾਈਜ਼ ਕਮੇਟੀ ਨੂੰ ਲਾਹੌਰ ਵਿਖੇ ਦਿੱਤੇ ਮੈਮੋਰੰਡਮ ਵਿਚੋਂ)

**ਹਿਟਲਰ: ਆਰੀਆ ਲੋਕਾਂ ਬਾਰੇ**

ਭਾਰਤ ਵਿਚ ਆਰੀਆ ਬ੍ਰਾਹਮਣ ਸਿਰਫ ਸ਼ਾਸਕ ਬਣ ਕੇ ਰਹਿੰਦੇ ਤਾਂ ਉਹਨਾਂ ਦੀ ਹੋਂਦ ਕਦੋਂ ਦੀ ਖਤਮ ਹੋ ਗਈ ਹੁੰਦੀ, ਉਹਨਾਂ ਨੇ ਖੁਦ ਨੂੰ ਸਭਿਆ ਅਤੇ ਭਾਰਤ ਦੇ ਲੋਕਾਂ ਨੂੰ ਅਸਭਿਆ (ਨੀਚ) ਐਲਾਨਿਆ। ਤੇ ਜਿਹਨਾਂ ਨੂੰ ਅਸਭਿਆ ਐਲਾਨਿਆ ਉਹ ਸਭਿਆ ਬਣਨ ਲਈ ਬ੍ਰਾਹਮਣਾਂ ਦੇ ਸੰਸਕਾਰਾਂ ਨੂੰ ਢੋਅ ਰਹੇ ਹਨ। ਇਸੇ ਵਜ੍ਹਾ ਸਦਕਾ ਬ੍ਰਾਹਮਣ ਆਪਣੀ ਵਿਵਸਥਾ ਬਣਾਈ ਰੱਖਣ ਵਿਚ ਕਾਮਯਾਬ ਹੋ ਗਏ। ਇਹ ਉਹਨਾਂ ਦੇ ਹਿੱਤ ਦਾ ਮੂਲ ਕਾਰਨ ਹੈ। ਹਿਟਲਰ- (ਮੇਰਾ ਜੀਵਨ ਸੰਗ੍ਰਾਮ (ਸਵੈ ਜੀਵਨੀ) ਪੰਨਾ 85

**ਭਾਰਤ ਆਰੀਆ ਲੋਕਾਂ ਦਾ ਦੇਸ਼**

ਇਹ ਗਲਤ ਵਿਸ਼ਵਾਸ ਹੈ ਕਿ ਸ਼ੂਦਰਾਂ ਨੂੰ ਆਰੀਅਨ ਹਮਲਾਵਰਾਂ ਨੇ ਜਿੱਤਿਆ ਸੀ। ਕਹਾਣੀ ਦੀ ਪਹਿਲੀ ਗੱਲ ਕਿ ਆਰੀਆ ਲੋਕ ਭਾਰਤ ਨੂੰ ਬਾਹਰ ਤੋਂ ਆਏ ਹੋਏ ਲੋਕ ਹਨ ਤੇ ਉਹਨਾਂ ਮੂਲ ਨਿਵਾਸੀਆਂ ਉਤੇ ਹਮਲੇ ਕੀਤੇ ਸਨ, ਇਸ ਦੇ ਸਮਰਥਨ ਵਿਚ ਕੋਈ ਪ੍ਰਮਾਣ ਨਹੀਂ ਮਿਲਦਾ। ਭਾਰੀ ਮਾਤਰਾ ਵਿਚ ਇਹ ਪ੍ਰਮਾਣ ਮਿਲਦੇ ਹਨ ਕਿ ਭਾਰਤ ਆਰੀਆ ਲੋਕਾਂ ਦਾ ਦੇਸ਼ ਹੈ। ਦੂਜੀ ਗੱਲ ਇਹ ਹੈ ਕਿ ਕਿਤੇ ਵੀ ਪ੍ਰਮਾਣ ਨਹੀਂ ਮਿਲਦਾ ਕਿ ਆਰੀਆ ਲੋਕਾਂ ਤੇ ਦਾਸੂਆਂ ਵਿਚਾਲੇ ਲੜਾਈ ਕਿਸ ਜਗ੍ਹਾ ਹੋਈ ਪਰ ਦਾਸੂਆਂ ਦਾ ਸ਼ੂਦਰਾਂ ਨਾਲ ਕੋਈ ਸਬੰਧ ਨਹੀਂ ਹੈ। ਤੀਜੀ ਗੱਲ ਕਿ ਇਹ ਵਿਸ਼ਵਾਸ ਕਰਨਾ ਬੜਾ ਮੁਸ਼ਕਿਲ ਹੈ ਕਿ ਆਰੀਆ ਲੋਕ ਬਹੁਤ ਤਾਕਤਵਰ ਸਨ ਤੇ ਵੱਡੀ ਫੌਜੀ ਤਾਕਤ ਰੱਖਣ ਦੇ ਸਮਰੱਥ ਸਨ। ਕੋਈ ਜਣਾ ਜੋ ਭਾਰਤ ਵਿਚ ਆਰੀਆ ਲੋਕਾਂ ਦੇ ਦੇਵਤਿਆਂ ਨਾਲ ਸਬੰਧਤ ਇਤਿਹਾਸ ਪੜ੍ਹਦਾ ਹੈ, ਤਾਂ ਉਸ ਨੂੰ ਮੁੜ-ਚੇਤੇ ਆਵੇਗਾ ਕਿ ਸਾਮੰਤੀ ਸਮਿਆਂ ਦੌਰਾਨ ਸੇਵਾਦਾਰਾਂ ਤੇ ਮਾਲਕਾਂ ਵਿਚਾਲੇ ਇਕ-ਦੂਜੇ ਉਤੇ ਨਿਰਭਰਤਾ ਦੇ ਸਬੰਧ ਸਨ। ਦੇਵਤੇ ਸਾਮੰਤੀ ਮਾਲਕ ਸਨ ਤੇ ਆਰੀਆ ਲੋਕ ਸੇਵਾਦਾਰ। ਆਰੀਆ ਲੋਕਾਂ ਨੇ ਬੇਸ਼ੁਮਾਰ ਕੁਰਬਾਨੀਆਂ ਦਿੱਤੀਆਂ, ਜਿਵੇਂ ਸਾਮੰਤੀਆਂ ਨੇ ਦੇਵਤਿਆਂ ਲਈ। ਦੇਵਤਿਆਂ ਪ੍ਰਤੀ ਆਰੀਆ ਲੋਕਾਂ ਦੀ ਗੁਲਾਮੀ ਇੱਥੋਂ ਤੱਕ ਸੀ ਕਿ ਦੇਵਤਿਆਂ ਦੀ ਸਹਾਇਤਾ ਤੇ ਸੁਰੱਖਿਆ ਤੋਂ ਬਿਨਾਂ ਉਹ ਅਸੁਰਾਂ ਦੇ ਹਮਲੇ ਰੋਕ ਨਹੀਂ ਸਕਦੇ ਸਨ। ਇਹ ਕਿਆਸ ਲੈਣਾ ਬਹੁਤ ਜ਼ਿਆਦਤੀ ਹੈ ਕਿ ਇੰਨੇ ਨਿਤਾਣੇ ਲੋਕਾਂ ਨੇ ਸ਼ੂਦਰਾਂ ਨੂੰ ਜਿੱਤ ਲਿਆ। ਮੁੱਕਦੀ ਗੱਲ ਕਿ ਸ਼ੂਦਰਾਂ ਨੂੰ ਜਿੱਤਣ ਦੀ ਕੋਈ ਲੋੜ ਹੀ ਨਹੀਂ ਸੀ। ਉਹ ਆਰੀਅਨ ਸਿਰਫ ਇਸ ਭਾਵਨਾ ਵਿਚ ਹਨ ਜਿਸ ਤਰ੍ਹਾਂ ਸ਼ਬਦ ਆਰੀਅਨ ਹੈ, ਜਿਵੇਂ ਕਿ ਆਰੀਅਨ ਸਭਿਆਚਾਰ ਦੇ ਸਮਰਥਕ ਤੇ ਸੰਭਾਲਣ ਵਾਲੇ।

(ਡਾ. ਬਾਬਾ ਸਾਹਿਬ ਅੰਬੇਦਕਰ ਰਾਈਟਿੰਗਜ਼ ਐਂਡ ਸਪੀਚਿਜ਼, ਵੌਲੀਅਮ-3, ਪੰਨਾ 420)

-ਡਾ.ਆਨੰਦ ਤੇਲਤੁੰਬੜੇ

**ਪੇਸ਼ਕਸ਼ ਤੇ ਅਨੁਵਾਦ: ਬਲਬੀਰ ਮਾਧੋਪੁਰੀ**

### ਇਤਿਹਾਸ ਦੇ ਝਰੋਖੇ 'ਚੋਂ

# ਅਛੂਤ ਹਿੰਦੂ ਨਹੀਂ ਹਨ

**ਡਾ.ਭੀਮ ਰਾਓ ਅੰਬੇਦਕਰ**

ਪਹਿਲੀ ਗੱਲ ਜੋ ਮੈਂ ਪੇਸ਼ ਕਰਨੀ ਚਾਹਾਂਗਾ ਕਿ ਅਸੀਂ ਇਹ ਦਾਅਵਾ ਕਰਦੇ ਹਾਂ ਕਿ ਹਰ ਹਾਲਤ ਵਿਚ ਸਾਨੂੰ ਹਿੰਦੂ ਸਮਾਜ ਤੋਂ ਇਕ ਵੱਖਰੀ ਸਪਸ਼ਟ ਘੱਟ ਗਿਣਤੀ ਮੰਨਿਆ ਜਾਵੇ।

ਸਾਡੀ ਘੱਟ ਗਿਣਤੀ ਹੋਣ ਦੀ ਪਛਾਣ ਹਿੰਦੂ ਧਰਮ ਵਿਚ ਸਾਨੂੰ ਗਿਣਨ ਨਾਲ ਮਿਟਾ ਦਿੱਤੀ ਗਈ ਪਰ ਹਕੀਕਤ ਪੂਰਨ ਤੱਥ ਇਹੀ ਹੈ ਕਿ ਹਿੰਦੂ ਸਮਾਜ ਅਤੇ ਦੱਬੇ ਕੁਚਲੇ ਵਰਗਾਂ ਵਿਚਕਾਰ ਸੱ-ਚਮੁਚ ਹੀ ਕੋਈ ਸਬੰਧ ਨਹੀਂ! ਮੈਂ ਇਕੱਠ (ਸਾਈਮਨ ਕਮਿਸ਼ਨ) ਸਾਵੇਂ ਪਹਿਲੇ ਮੁੱਦੇ ਤੇ ਜ਼ੋਰ ਪਾਵਾਂਗਾ ਕਿ ਸਾਨੂੰ ਹਰ ਹਾਲਤ ਵਿਚ ਇਕ ਸਪਸ਼ਟ ਅਤੇ ਆਜ਼ਾਦ (ਸੰਪੂਰਨ) ਘੱਟ ਗਿਣਤੀ ਦੇ ਤੌਰ ਤੇ ਮੰਨਿਆ ਜਾਵੇ। ਦੂਜਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦੱਬੇ ਕੁਚਲੇ ਵਰਗਾਂ ਦੀ ਘੱਟ ਗਿਣਤੀ ਨੂੰ ਬ੍ਰਿਟਿਸ਼ ਭਾਰਤ ਵਿਚ ਕਿਸੇ ਵੀ ਹੋਰ ਘੱਟ ਗਿਣਤੀ ਨਾਲੋਂ ਬਹੁਤ ਜ਼ਿਆਦਾ ਰਾਜਨੀਤਿਕ ਸੁਰੱਖਿਆ ਦੀ ਜ਼ਰੂਰਤ ਹੈ।

ਜਿਸ ਦਾ ਸਿੱਧਾ ਸਾਦਾ ਕਾਰਨ ਹੈ ਕਿ ਇਹ ਵਿਦਿਅਕ ਤੌਰ ਤੇ ਬਹੁਤ ਪੱਛੜੀ ਹੈ, ਇਹ ਆਰਥਿਕ ਪੱਖੋਂ ਗਰੀਬ ਹੈ, ਸਮਾਜਿਕ ਤੌਰ ਤੇ ਗੁਲਾਮ ਬਣਾਈ ਗਈ ਹੈ ਅਤੇ ਖਾਸ ਖਤਰਨਾਕ ਰਾਜਨੀਤਿਕ ਬੇਵਸੀਆਂ ਤੋਂ ਪੀੜਤ ਹੈ, ਜਿਹਨਾਂ ਤੋਂ ਕੋਈ ਹੋਰ ਘੱਟ ਗਿਣਤੀ ਪੀੜਤ ਨਹੀਂ। ਇਹ ਇਕ ਹਕੀਕਤ ਭਰਿਆ ਤੱਥ ਹੈ ਕਿ ਸਾਨੂੰ ਹਿੰਦੂ ਸਮਾਜ ਦਾ ਹਿੱਸਾ ਮੰਨਿਆ ਜਾ ਸਕਦਾ।

(ਸਫਾ 465)

ਉਹ (ਦਬੇ ਕੁਚਲੇ ਵਰਗ) ਹਿੰਦੂ ਸਮਾਜ ਤੋਂ ਹਰ ਤਰ੍ਹਾਂ ਵੱਖਰੇ ਹਨ, ਇਹ ਇਕ ਹਕੀਕਤ ਪੂਰਨ ਤੱਥ ਹੈ।

(ਸਫਾ 477)

(ਉਪਰੋਕਤ ਗੱਲਾਂ ਡਾ: ਅੰਬੇਦਕਰ ਨੇ 23 ਅਕਤੂਬਰ 1928 ਨੂੰ ਸਾਈਮਨ ਕਮਿਸ਼ਨ ਸਾਹਮਣੇ ਪੂਨਾ ਵਿਖੇ ਗਵਾਹੀ ਵਜੋਂ ਕਹੀਆਂ। ਡਾ: ਅੰਬੇਦਕਰ ਅਤੇ ਡਾ: ਪੀ. ਜੀ. ਸੋਲੰਕੀ ਨੇ ਬੰਬਈ ਪ੍ਰਾਂਤ ਦੇ ਅਛੂਤਾਂ ਦੀ ਨੁਮਾਇੰਦਗੀ ਕੀਤੀ ਸੀ। ਇਹ ਗੱਲਬਾਤ ਦੇ ਰੂਪ ਵਿਚ ਮਹਾਰਾਸ਼ਟਰ ਸਰਕਾਰ ਵੱਲੋਂ ਛਾਪੀ ਪੁਸਤਕ 'ਡਾ: ਬਾਬਾ ਸਾਹਿਬ ਅੰਬੇਦਕਰ ਰਾਇਟਿੰਗਜ਼ ਐਂਡ ਸਪੀਚਿਜ਼'' ਭਾਗ ਦੋ ਵਿਚ ਛਪੀ ਹੈ।)

ਛੂਆਛਾਤ ਦੀ ਸਮੱਸਿਆ ਅਸਲ ਵਿਚ ਇਕ ਵਰਗ ਸੰਘਰਸ਼ ਦਾ ਵਿਸ਼ਾ ਹੈ। ਇਹ ਹਿੰਦੂਆਂ ਅਤੇ ਅਛੂਤਾਂ ਦਰਮਿਆਨ ਸੰਘਰਸ਼ ਹੈ। ਬਿਨਾਂ ਸ਼ੱਕ ਇਹ ਕਿਹਾ ਜਾ ਸਕਦਾ ਹੈ ਕਿ ਹਿੰਦੂਆਂ ਅਤੇ ਅਛੂਤਾਂ ਵਿਚਕਾਰਲਾ ਸੰਘਰਸ਼ ਇਕ ਨਾ ਖਤਮ ਹੋਣ ਵਾਲਾ ਝਗੜਾ ਹੈ। (ਸਫਾ 19)

ਹਿੰਦੂਆਂ ਅਤੇ ਅਛੂਤਾਂ ਦੀ ਤੁਲਨਾ ਦੋ ਵਿਰੋਧੀ ਫੌਜਾਂ ਦੇ ਵਿਰੋਧੀ ਖੇਮਿਆਂ (ਕੈਂਪ) ਨਾਲ ਕੀਤੀ ਜਾ ਸਕਦੀ ਹੈ। ਹਿੰਦੂਆਂ ਕੋਲ ਤੁਹਾਡੇ ਲਈ ਰਤਾ ਵੀ ਹਮਦਰਦੀ ਨਹੀਂ। (31 ਮਈ 1936) ਨੂੰ ਬੰਬਈ ਵਿਖੇ ਮਹਾਰ ਕਾਨਫਰੰਸ ਵਿਚ ਡਾ: ਅੰਬੇਦਕਰ ਦਾ ਕੀਤਾ ਭਾਸ਼ਣ। ਹਵਾਲਾ: - ਦਾ ਸਪੋਕ ਅੰਬੇਡਕਰ, ਭਾਗ ਚਾਰ, ਸੰਪਾਦਕ ਭਗਵਾਨ ਦਾਸ, ਅੰਬੇਦਕਰ ਸਾਹਿਤਯ ਪ੍ਰਕਾਸ਼ਨ, ਬੰਗਲੌਰ, 1979)


# "ਬਹੁਜਨ ਨਿਊਜ਼" ਟੀ.ਵੀ.ਚੈਨਲ ਜੋ ਬਹੁਜਨ ਸਮਾਜ ਦਾ ਦਰਪਣ ਵੀ ਅਤੇ ਮਸੀਹਾ ਵੀ ਬਣ ਉਭਰੇਗਾ



- ਫਤਿਹਜੰਗ ਸਿੰਘ

ਬਹੁਜਨ ਸਮਾਜ ਲਈ ਇਹ ਖੁਸ਼ਖਬਰੀ ਹੈ ਕਿ 'ਰਾਇਲ ਮੀਡੀਆ ਵਿਜ਼ਨ ਪ੍ਰਾ. ਲਿ.' ਵੱਲੋਂ ਜਲਦੀ ਹੀ ਇਕ ਨੈਸ਼ਨਲ ਟੀ. ਵੀ. ਚੈਨਲ ''ਬਹੁਜਨ ਨਿਊਜ਼'' ਸ਼ੁਰੂ ਕੀਤਾ ਜਾ ਰਿਹਾ ਹੈ ਜੋ ਇਸ ਸਮਾਜ ਦੀ ਹਰ ਖੇਤਰ ਵਿਚ ਅਗਵਾਈ ਕਰੇਗਾ ਅਤੇ ਇਸਦੀ ਪ੍ਰਗਤੀ ਲਈ ਸਮਰਪਿਤ ਹੋਵੇਗਾ। ਬਹੁਜਨ ਸਮਾਜ, ਜਿਸ ਵਿਚ ਅਨੁਸੂਚਿਤ ਜਾਤੀ, ਜਨ ਜਾਤੀ, ਹੋਰ ਪਿਛੜੇ ਵਰਗ ਅਤੇ ਧਾਰਮਿਕ ਘੱਟ ਗਿਣਤੀ ਦੇ ਲੋਕ ਸ਼ਾਮਲ ਹਨ, ਭਾਰਤ ਦੇ ਕਥਿਤ 'ਆਧੁਨਿਕ ਸਮਾਜ' ਦਾ ਉਹ ਵੱਡਾ ਹਿੱਸਾ ਹੈ, ਜਿਸਨੂੰ ਇਕ ਲੰਮੇ ਅਰਸੇ ਤੋਂ ਸਮਾਜਿਕ, ਆਰਥਿਕ ਅਤੇ ਧਾਰਮਿਕ ਖੇਤਰ ਵਿਚ ਬੁਰੀ ਤਰ੍ਹਾਂ ਦਬਾਇਆ ਅਤੇ ਪਛਾੜਿਆ ਜਾ ਰਿਹਾ ਹੈ। ਅੱਜ ਦੇ ਤੇਜ਼ ਤਰਾਰ ਮੀਡੀਆ ਯੁੱਗ ਵਿਚ ਇਸ ਸਮਾਜ ਦਾ ਹਿੱਸਾ ਸਿਫਰ ਹੈ, ਜਿਸ ਕਰਕੇ ਇਸ ਦੀਆਂ ਦੁਸ਼ਵਾਰੀਆਂ ਵਿਚ ਦਿਨ ਪ੍ਰਤੀ ਦਿਨ ਵਾਧਾ ਹੁੰਦਾ ਜਾ ਰਿਹਾ ਹੈ ਤੇ ਮੀਡੀਆ ਦੇਖਦਿਆਂ ਅਣਦੇਖੀ, ਤੇ ਸੁਣਦਿਆਂ ਅਣਸੁਣੀ ਕਰਦਾ ਜਾ ਰਿਹਾ ਹੈ। ਨਿਆਂ ਦੀ ਗੱਲ ਤਾਂ ਦੂਰ ਦੀ ਹੈ। ਨਿਸ਼ਚੇ ਹੀ ਅਜਿਹੀ ਹਾਲਤ ਵਿਚ ਇਕ ਅਜਿਹੇ ਟੀ. ਵੀ. ਚੈਨਲ ਦਾ ਇਹਨਾਂ ਦੇ ਹੱਕ ਵਿਚ ਨਿੱਤਰਨਾ ਇਕ ਖੁਸ਼ੀ ਵਾਲੀ ਗੱਲ ਹੈ। ਚੰਡੀਗੜ੍ਹ ਤੋਂ ਸ਼ਿਮਲਾ ਕੌਮੀ ਮਾਰਗ-22 ਤੇ ਪਿੰਜੌਰ (ਹਰਿਆਣਾ) ਵਿਚ ਬਣ ਰਿਹਾ ਇਹ ਚੈਨਲ ਆਪਣੀਆਂ ਮੁਢਲੀਆਂ ਕਾਰਵਾਈਆਂ ਨਿਪਟਾ ਚੁੱਕਾ ਹੈ ਤੇ ਕੁਝ ਤਕਨੀਕੀ ਕਾਰਵਾਈਆਂ ਪੂਰੀਆਂ ਹੁੰਦਿਆਂ ਹੀ ਜਲਦੀ ਹੀ ਲੋਕਾਂ ਦੀ ਸੇਵਾ ਵਿਚ ਹਾਜ਼ਰ ਹੋਣ ਵਾਲਾ ਹੈ।

ਪਿਛਲੇ ਦਿਨੀਂ ਇਸ 'ਬਹੁਜਨ ਨਿਊਜ਼' ਚੈਨਲ ਦੇ ਸੁਪਨਸਾਜ਼ ਜੇਮਜ਼ ਰਾਇਲ ਨੂੰ ਮਿਲਣ ਦਾ ਮੌਕਾ ਮਿਲਿਆ। ਬੜੀ ਹਸਮੁਖ, ਅਗਾਂਹਵਧੂ, ਖਿੱਚ ਭਰਪੂਰ ਸ਼ਖਸੀਅਤ, ਦੱਬਿਆਂ ਕੁਚਲਿਆਂ ਲਈ ਦਰਦਵੰਦ ਆਵਾਜ਼ ਤੇ ਸਮਾਜ ਲਈ ਇਕ ਨਵੀਂ ਸੋਚ ਰੱਖਣ ਵਾਲੇ ਨੌਜਵਾਨ ਦਾ ਨਾਂ ਹੈ ਜੇਮਜ਼ ਰਾਇਲ। ਆਪਣੇ ਅੰਗਰੇਜ਼ੀ ਨਾਂ ਵਰਗੀ ਹੀ ਅੰਗਰੇਜ਼ੀ ਸ਼ਕਲ ਸੂਰਤ ਅਤੇ ਅੰਗਰੇਜ਼ਾਂ ਵਰਗੀ ਹੀ ਖੁੱਲ੍ਹੀ ਡੁੱਲ੍ਹੀ ਤਬੀਅਤ ਦਾ ਮਾਲਕ ਹੈ ਉਹ। ਉਸਦਾ ਮੰਨਣਾ ਹੈ ਕਿ ਬਹੁਜਨ ਸਮਾਜ ਨਾਲ ਵੱਖ ਵੱਖ ਰੂਪਾਂ ਵਿਚ ਹਜ਼ਾਰਾਂ ਸਾਲ ਤੋਂ ਜ਼ਿਆਦਤੀਆਂ ਹੁੰਦੀਆਂ ਆ ਰਹੀਆਂ ਹਨ, ਜਿਸ ਕਰਕੇ ਇਹ ਸਮਾਜ ਇੰਨਾ ਪੱਛੜ ਗਿਆ ਹੈ ਕਿ ਅੱਜ ਵੀ ਜਦੋਂ ਦੇਸ਼ ਆਜ਼ਾਦੀ ਦੇ ਸੱਤ ਦਹਾਕੇ ਪੂਰੇ ਕਰਨ ਜਾ ਰਿਹਾ ਹੈ ਅਤੇ ਦੁਨੀਆਂ ਦੇ ਵੱਡੇ ਲੋਕਰਾਜੀ ਦੇਸ਼ਾਂ ਵਿਚ ਆਪਣੀ ਸ਼ਮੂਲੀਅਤ ਦਾ ਗਰੂਰ ਕਰਦਾ ਹੈ ਤਾਂ ਦੂਜੇ ਪਾਸੇ ਇਸਦੇ ਬਹੁਤ ਵੱਡੇ ਹਿੱਸੇ ਨੂੰ ਜੀਵਨ ਦੀਆਂ ਮੁਢਲੀਆਂ ਲੋੜਾਂ ਨਾਲ ਜੂਝਦਿਆਂ ਗੁਜ਼ਾਰਾ ਕਰਨਾ ਪੈ ਰਿਹਾ ਹੈ। ਅਜਿਹੀ ਹਾਲਤ ਵਿਚ ਭੁੱਖ-ਨੰਗ ਨਾਲ ਲੜਦਿਆਂ ਸਮਾਜਿਕ ਨਿਆਂ, ਬਰਾਬਰਤਾ, ਜਾਤ ਪਾਤ ਤੋਂ ਮੁਕਤੀ ਜਾਂ ਆਜ਼ਾਦੀ ਉਸ ਲਈ ਬਹੁਤ ਦੂਰ ਦੀਆਂ ਗੱਲਾਂ ਹਨ। ਗੱਲ ਕਰਦਿਆਂ ਜੇਮਜ਼ ਦੀਆਂ ਅੱਖਾਂ ਵਿਚ ਗਹਿਰਾਈ ਆਉਂਦੀ ਹੈ ਤੇ ਉਹ ਆਖਦੇ ਹਨ, "ਬਹੁਜਨ ਨਿਊਜ਼" ਭਾਰਤ ਦੀ ਉਹ ਅਧੂਰੀ ਤਸਵੀਰ ਪੂਰੀ ਕਰਨ ਵੱਲ ਸਮਰਪਿਤ ਹੈ ਜੋ ਕਿਸੇ ਵੇਲੇ ਤਥਾਗਤ ਬੁੱਧ ਨੇ ਸੰਜੋਈ ਸੀ ਅਤੇ ਡਾ. ਭੀਮ ਰਾਓ ਅੰਬੇਦਕਰ ਨੇ ਦਿਨ ਰਾਤ ਦੀ ਮਿਹਨਤ ਨਾਲ ਤਿਆਰ ਕੀਤੀ ਸੀ। ਬਹੁਜਨ ਸਮਾਜ ਇਸ ਚੈਨਲ 'ਤੇ ਮਾਣ ਕਰ ਸਕੇਗਾ ਜੋ ਇਸਦੀ ਭਲਾਈ ਲਈ, ਪ੍ਰਗਤੀ ਲਈ ਦਿਨ ਰਾਤ ਕੰਮ ਕਰੇਗਾ ਅਤੇ ਜਿਸਨੂੰ ਉਸਦੇ ਲੋਕ ਆਪਣਾ ਚੈਨਲ ਆਖ ਸਕਣਗੇ।




ਚੈਨਲ ਦੀ ਚਾਰ-ਪੰਜ ਮੰਜ਼ਿਲੀ ਬਿਲਡਿੰਗ ਵਿਚ ਬਣਾਏ ਸਟੂਡੀਓ ਅਤੇ ਹੋਰ ਸਾਜ਼ੋ ਸਮਾਨ ਵਿਖਾਉਂਦਿਆਂ ਨਾਲ ਦੀ ਨਾਲ ਜੇਮਜ਼ ਆਖ ਰਹੇ ਸੀ, 'ਇਹ ਅਸਲ ਵਿਚ ਨਿਰਾ ਇਕ ਚੈਨਲ ਨਹੀਂ ਸਗੋਂ ਬਹੁਜਨ ਸਮਾਜ ਨਾਲ ਹੋ ਰਹੇ ਘੋਰ ਅੱਨਿਆ, ਗੈਰ ਬਰਾਬਰੀ ਦਾ ਵਰਤਾਓ, ਧਾਰਮਿਕ ਤਸੀਹੇ, ਜਾਤ ਪਾਤੀ ਵਿਤਕਰਿਆਂ ਵਿਰੁੱਧ ਇਕ ਅੰਦੋਲਨ ਹੈ ਅਤੇ ਸਮਾਜ ਵਿਚ ਪੈਦਾ ਹੋ ਰਹੀਆਂ ਲੁੱਟ-ਖਸੁੱਟ, ਭ੍ਰਿਸ਼ਟਾਚਾਰ, ਅਤਿਵਾਦ, ਬੰਧਵਾ ਮਜ਼ਦੂਰੀ, ਨਸ਼ਿਆਂ ਦੀ ਮਾਰ, ਭਰੂਣ ਹੱਤਿਆ, ਇਸਤਰੀ ਸ਼ੋਸ਼ਣ, ਦਾਜ ਵਰਗੀ ਲਾਹਨਤ ਵਰਗੀਆਂ ਬਿਮਾਰੀਆਂ ਵਿਰੁੱਧ ਇਕ ਜ਼ਬਰਦਸਤ ਹੰਭਲਾ ਹੋਵੇਗਾ।'' ਉਹ ਫਿਰ ਦੱਸਦੇ ਹਨ '' ਬਹੁਜਨ ਨਿਊਜ਼'' ਨੇ ਯੂ-ਟਿਊਬ, ਫੇਸ ਬੁੱਕ, ਟਵਿਟਰ, ਵਟਸ ਐਪ, ਵੈਬਸਾਈਟ ਇੰਟਰਨੈਟ ਟੀ. ਵੀ. ਅਤੇ ਐਨਰਾਇਡ ਐਪਲੀਕੇਸ਼ਨ ਡਿਸ਼ ਜਾਦੂ, ਰੋਕੂ ਅਤੇ ਫਾਸਟ ਵੇਅ (ਯੂਰਪੀਅਨ ਡਿਸ਼) ਵਰਗੇ ਸੋਸ਼ਲ ਮੀਡੀਆ ਦੇ ਜ਼ਰੀਏ ਪਹਿਲਾਂ ਹੀ ਇਕ ਅਸਰਦਾਇਕ ਅੰਦੋਲਨ ਦੀ ਸ਼ੁਰੂਆਤ ਕਰ ਦਿੱਤੀ ਹੋਈ ਹੈ। "ਬਹੁਜਨ ਸਮਾਜ ਦੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਉਣ ਵਾਲੀਆਂ ਔਕੜਾਂ ਦੇ ਹੱਲ ਲਈ, ਸਮਾਜਿਕ ਸੰਗਠਨਾਂ ਜਾਂ ਨਿੰਜੀ ਤੌਰ ਤੇ ਕੰਮ ਕਰ ਰਹੇ ਵਿਅਕਤੀਆਂ ਦੀ ਰਹਿਨੁਮਾਈ ਅਤੇ ਸਹਾਇਤਾ ਲਈ ਵੀ ਇਹ ਚੈਨਲ ਵੱਧ-ਚੜ੍ਹ ਕੇ ਕੰਮ ਕਰੇਗਾ। ਸਮਾਜ ਵਿਚ ਭਾਈਚਾਰਕ ਸਾਂਝ ਵਧਾਉਣ, ਸ਼ਹਿਣਸ਼ੀਲਤਾ ਅਤੇ ਪਿਆਰ ਭਾਵਨਾ ਪੈਦਾ ਕਰਨ ਲਈ ਇਸ ਚੈਨਲ ਦੀ ਵਿਸ਼ੇਸ਼ ਦੇਣ ਹੋਵੇਗੀ।'' ਫਿਰ ਥੋੜ੍ਹਾ ਜੋਸ਼ ਵਿਚ ਆ ਕੇ ਆਖਦੇ ਹਨ, ''ਲੋਕ ਰਾਜ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ ਮੀਡੀਆ, ਪਰ ਬਹੁਜਨ ਸਮਾਜ ਦੀ ਵਾਰੀ 'ਤੇ ਇਹ ਸੌਂ ਕਿਉਂ ਜਾਂਦਾ ਹੈ? ਅਸੀਂ ਇਸ ਪੱਖਪਾਤੀ ਰਵੱਈਏ ਨੂੰ ਲੋਕਾਂ ਸਾਹਮਣੇ ਉਜਾਗਰ ਕਰਾਂਗੇ ਤਾਂ ਜੋ ਉਹਨਾਂ ਨੂੰ ਅਹਿਸਾਸ ਹੋਵੇ ਕਿ ਉਹਨਾਂ ਨਾਲ ਇਨਸਾਫ ਕਰਨ ਵਾਲਾ ਵੀ ਕੋਈ ਚੈਨਲ ਹੈ।''

ਫਿਰ ਉਹ ਬੜੇ ਮਾਣ ਨਾਲ ਆਪਣੇ ਖੁੱਲ੍ਹੇ-ਡੁੱਲ੍ਹੇ ਸਟੂਡੀਓ ਅਤੇ ਉਸ ਨਾਲ ਬਣੇ ਕੰਟਰੋਲ ਰੂਮ ਬਾਰੇ ਦੱਸਦੇ ਹਨ ਕਿ, ''ਦੁਨੀਆਂ ਭਰ ਵਿਚੋਂ ਸਭ ਤੋਂ ਆਧੁਨਿਕ ਟੈਕਨਾਲੋਜੀ ਜੋ ਬਾਜ਼ਾਰ ਵਿਚ ਉਪਲਬਧ ਹੈ, ਉਹ ਇਸ ਚੈਨਲ ਲਈ ਵਰਤੋਂ ਵਿਚ ਲਿਆਂਦੀ ਜਾਵੇਗੀ ਤਾਂ ਜੋ ਦੁਨੀਆਂ ਦੀ ਸਭ ਤੋਂ ਤਾਕਤਵਰ ਸੈਟੇਲਾਈਟ ਦੇ ਜ਼ਰੀਏ ਵੱਧ ਤੋਂ ਵੱਧ ਦੇਸ਼ਾਂ ਵਿਚ ਪ੍ਰਸਾਰਣ ਕੀਤਾ ਜਾ ਸਕੇ। ਇਸਦਾ ਸੌ ਫੀਸਦੀ ਡਿਜ਼ੀਟਲ ਪਲੇਟਫਾਰਮ ਹੋਵੇਗਾ। ਇੰਝ ਇਹ ਬਹੁਜਨ ਨੂੰ ਸਮਰਪਿਤ ਦੁਨੀਆਂ ਦਾ ਪਹਿਲਾ ਅਜਿਹਾ ਆਧੁਨਿਕ ਕਿਸਮ ਦਾ ਚੈਨਲ ਹੋਵੇਗਾ, ਜੋ ਸਮਾਜ ਵਿਚ ਭਰਾਤਰੀ ਭਾਵ, ਦੇਸ਼ ਪਿਆਰ, ਧਾਰਮਿਕ ਸਦਭਾਵਨਾ ਪੈਦਾ ਕਰੇਗਾ।

ਟੀ. ਵੀ. ਚੈਨਲ ਦੇ ਪ੍ਰੋਗਰਾਮਾਂ ਬਾਰੇ ਗੱਲ ਕਰਦਿਆਂ ਉਹਨਾਂ ਨੇ ਦੱਸਿਆ ਕਿ, ''ਤਥਾਗਤ ਬੁੱਧ ਦੇ ਸੁਝਾਏ ਅਤੇ ਬਾਬਾ ਸਾਹਿਬ ਅੰਬੇਦਕਰ ਦੇ ਦ੍ਰਿੜ੍ਹਾਏ 'ਬਹੁਜਨ ਹਿਤਾਇ-ਬਹੁਜਨ ਸੁਖਾਇ' ਮੂਲ ਮੰਤਰ ਦੇ ਮੱਦੇਨਜ਼ਰ ਇਸ ਵਿਚ ਮੁੱਖ ਤੌਰ ਤੇ ਹਾਲੇ ਸਮਾਨਤਾ ਅਤੇ ਸੰਵਿਧਾਨ, ਬਹੁਜਨ ਦੀ ਆਵਾਜ਼, ਬਿਜਨਸ ਬਾਜ਼ਾਰ, ਵਤਨ ਕੇ ਅਨਮੋਲ ਰਤਨ, ਸਰਵ ਧਰਮ ਮੰਚ, ਕਰਾਈਮ ਟਰੇਸ, ਸਪੋਰਟਸ ਅਪਡੇਟ, ਪ੍ਰਤਿਭਾ ਦਰਪਣ, ਬਹੁਜਨ ਨਿਊਜ਼, ਸਮਾਨਤਾ ਕੇ ਅੰਦੋਲਨ, ਕ੍ਰਿਸ਼ੀ ਦਰਸ਼ਨ, ਉਦਯੋਗ ਅਤੇ ਵਪਾਰ, ਵਿਗਿਆਨ, ਡਾਕੂਮੈਂਟਰੀ, ਸੁਨਹਿਰੀ ਯਾਦਾਂ, ਸਵਾਸਥ, ਫਿੱਟ ਹੈ ਤੋ ਹਿੱਟ ਹੈ, ਸਪਨੋਂ ਕਾ ਮਹਿਲ ਆਦਿ ਫੀਚਰ 24 ਘੰਟੇ ਸੱਤ ਦਿਨ ਲੋਕਾਂ ਦੀ ਸੇਵਾ ਵਿਚ ਪ੍ਰਸਾਰਿਤ ਕੀਤੇ ਜਾਂਦੇ ਰਹਿਣਗੇ।''

ਨਿਸ਼ਚੇ ਹੀ ਬਹੁਜਨ ਸਮਾਜ ਜਿਸ ਨੂੰ ਸਦੀਆਂ ਤੋਂ ਲੁੱਟਿਆ ਅਤੇ ਨਚੋੜਿਆ ਗਿਆ ਉਸਨੂੰ ਅਜਿਹੇ ਹੀ ਇਕ ਚੈਨਲ ਦੀ ਸਖਤ ਜ਼ਰੂਰਤ ਸੀ ਤਾਂ ਜੋ ਇਹ ਮੁੜ ਪੈਰਾਂ ਸਿਰ ਖਲੋਣ ਜੋਗਾ ਹੋ ਸਕੇ ਤੇ ਫਿਰ ਦੁਨੀਆਂ ਭਰ ਦੇ ਦੇਸ਼ਾਂ ਦੀ ਪ੍ਰਗਤੀ ਦੀ ਦੌੜ ਵਿਚ ਆਪ ਸ਼ਾਮਲ ਹੋ ਕੇ ਆਪਣੇ ਦੇਸ਼ ਨੂੰ ਵੀ ਉਸ ਵਿਚ ਸ਼ਾਮਲ ਕਰਨ ਦਾ ਸੁਪਨਾ ਲੈ ਸਕੇ। ਇਸੇ ਲਈ ਇਸ ਚੈਨਲ ਨੂੰ ਦੁਨੀਆਂ ਭਰ ਤੋਂ ਸਮਾਜ ਸੇਵੀਆਂ, ਘੱਟ-ਗਿਣਤੀਆਂ, ਦੱਬੇ ਕੁਚਲੇ ਲੋਕਾਂ ਵੱਲੋਂ ਪੂਰਨ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ ਜਾ ਰਿਹਾ ਹੈ, ਜਿਸ ਕਰਕੇ ਇਸਦੀ ਕਾਮਯਾਬੀ ਦੀਆਂ ਪੂਰੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਨਜ਼ਰ ਆਉਂਦੀਆਂ ਹਨ। ਸ਼ਾਲਾਜ਼ ਇਹ ਜਲਦੀ ਤੋਂ ਜਲਦੀ ਕਾਮਯਾਬ ਹੋਵੇ।

*#ਮਕਾਨ ਨੰ: 255/15-ਏ, ਚੰਡੀਗੜ੍ਹ*
*98726-70278*

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਦੀ ਮਾਸਿਕ ਇਕੱਤਰਤਾ

ਸੈਕਰਾਮੈਂਟੋ- ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਨਿਟ ਦੀ ਮਾਸਿਕ ਇਕੱਤਰਤਾ ਰਿਓ ਲਿੰਡਾ ਸੈਕਰਾਮੈਂਟੋ ਕਮਿਊਨਿਟੀ ਹਾਲ ਵਿਚ ਹੋਈ। ਇਸ ਮਾਸਿਕ ਮਿਲਣੀ ਵਿਚ ਸਟੇਜ ਸਕੱਤਰ ਜਸਵੰਤ ਜੱਸੀ ਸ਼ੀਮਾਰ ਨੇ ਪ੍ਰਧਾਨਗੀ ਮੰਡਲ ਵਿਚ ਬੈਠਣ ਲਈ ਪ੍ਰਧਾਨ ਦਲਵੀਰ ਦਿਲ ਨਿੱਝਰ, ਸਾਬਕਾ ਪ੍ਰਧਾਨ ਮਨਜੀਤ ਕੌਰ ਸੇਖੋਂ ਅਤੇ ਗੁਰਪਾਲ ਖਹਿਰਾ ਨੂੰ ਸੱਦਾ ਦਿੱਤਾ। ਪਹਿਲੇ ਸੈਸ਼ਨ ਕਹਾਣੀ ਦਰਬਾਰ ਵਿਚ ਤਤਿੰਦਰ ਕੌਰ ਨੇ ਕਹਾਣੀ 'ਬਚਪਨ', ਮਨਜੀਤ ਸੇਖੋਂ ਨੇ 'ਗੁੱਡੀ', ਜੋਤੀ ਸਿੰਘ ਨੇ 'ਦੋ ਤਿੱਤਲੀਆਂ', ਮਹਿੰਦਰ ਸਿੰਘ ਘੱਗ ਅਤੇ ਪਰਮਿੰਦਰ ਰਾਏ ਖਾਨਖਾਨਾ ਨੇ ਕਹਾਣੀਆਂ ਪੜ੍ਹੀਆਂ। ਇਹਨਾਂ ਕਹਾਣੀਆਂ ਤੇ ਚਰਚਾ ਦੌਰਾਨ ਗੁਰਪਾਲ ਖਹਿਰਾ, ਦਲਵੀਰ ਦਿਲ ਨਿੱਝਰ ਰਾਠੇਸ਼ਵਰ ਸੂਰਾਪੁਰੀ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਚਾਹ ਪਾਣੀ ਦੀ ਬਰੇਕ ਤੋਂ ਬਾਅਦ ਕਵਿਤਾ, ਗੀਤ, ਗਜ਼ਨ ਦੇ ਸੈਸ਼ਨ ਵਿਚ ਜਿਹਨਾਂ ਕਵੀਆਂ ਨੇ ਹਿੱਸਾ ਲਿਆ, ਉਹ ਹਨ ਇੰਦਰਜੀਤ ਗਰੇਵਾਲ, ਜੀਵਨ ਰੱਤੂ, ਪਰਮਿੰਦਰ ਰਾਏ ਖਾਨਖਾਨਾ, ਜੱਸ ਫਿਜ਼ਾ, ਦਲਵੀਰ ਦਿਲ ਨਿੱਝਰ, ਰਾਠੇਸ਼ਵਰ ਸੂਰਾਪੁਰੀ, ਜੋਤੀ ਸਿੰਘ, ਗੁਰਪਾਲ ਖਹਿਰਾ, ਜਸਵੰਤ ਜੱਸੀ ਸ਼ੀਮਾਰ, ਮਨਜੀਤ ਕੌਰ ਸੇਖੋਂ, ਰਮੇਸ਼ ਬੰਗੜ,ਹਰਭਜਨ ਢੇਰੀ, ਮਹਿੰਦਰ ਘੱਗ ਆਦਿ। ਅੰਤ ਵਿਚ ਪ੍ਰਧਾਨ ਦਿਲ ਨਿੱਝਰ ਨੇ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਜੁਲਾਈ ਮਹੀਨੇ ਦੇ ਅਖੀਰਲੇ ਐਤਵਾਰ ਲੂੰ ਮਿਲਣ ਦਾ ਵਾਅਦਾ ਕਰਕੇ ਮੀਟਿੰਗ ਦੀ ਸਮਾਪਤੀ ਕੀਤੀ।



# ਸਤਿਗੁਰੂ ਕਬੀਰ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਖੇ 29 ਜੂਨ ਦਿਨ ਐਤਵਾਰ ਨੂੰ ਸਤਿਗੁਰੂ ਕਬੀਰ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਜਿਸ ਵਿਚ 27 ਜੂਨ ਨੂੰ ਸ੍ਰੀ ਅਖੰਡ ਹੋਏ ਅਤੇ 29 ਜੂਨ ਦਿਨ ਐਤਵਾਰ ਨੂੰ ਭੋਗ ਪਾਏ ਗਏ। ਭੋਗ ਤੋਂ ਉਪਰੰਤ ਪੂਰਾ ਦੀਵਾਨ ਸਤਿਗੁਰੂ ਕਬੀਰ ਮਹਾਰਾਜ ਜੀ ਦੇ ਜੀਵਨ ਉਪਦੇਸ਼ ਸਬੰਧੀ ਸਿੱਖਿਆ ਦੇਣ ਲਈ ਲਗਾਇਆ ਗਿਆ, ਇਸ ਮੌਕੇ ਪੰਥ ਪ੍ਰਸਿੱਧ ਕੀਰਤਨੀਏ, ਕਥਾਵਾਚਕ ਅਤੇ ਢਾਡੀ ਜਥਿਆਂ ਨੇ ਪਹੁੰਚ ਕੇ ਵਿਚਾਰਾਂ ਦੀ ਸਾਂਝ ਪਾਈ। ਵੱਡੀ ਗਿਣਤੀ ਵਿਚ ਪਹੁੰਚੀ ਸੰਗਤ ਨੇ ਇਸ ਮੌਕੇ ਕਬੀਰ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਜਾਣਕਾਰੀ ਲਈ।



# 'ਸਿੱਖ ਵਾਕ ਫਾਰ ਲਾਈਫ' ਦੇ ਹਾਂ ਪੱਖੀ ਸੁਨੇਹੇ ਦੀ ਚਾਰੇ ਪਾਸੇ ਸ਼ਲਾਘਾ

ਵੈਨਕੂਵਰ (ਕੈਨੇਡਾ) ਜੈਤੇਗ ਸਿੰਘ ਅਨੰਤ- ਦੁਨੀਆਂ ਭਰ ਵਿਚ ਵਸਦੀ ਸਿੱਖ ਕੌਮ ਜਿੱਥੇ ਹੋਰ ਖੇਤਰਾਂ ਵਿਚ ਵੀ ਮੱਲਾਂ ਮਾਰ ਰਹੀ ਹੈ ਉਥੇ ਕਨੇਡਾ ਵਿਚ ਵਸਦੇ ਸਿੱਖ ਤਾਂ ਨਵੀਆਂ ਪੈੜਾਂ ਪਾ ਰਹੇ ਹਨ। ਖੇਡਾਂ, ਰਾਜਸੀ, ਧਾਰਮਿਕ, ਆਰਥਿਕ ਖੇਤਰਾਂ ਤੋਂ ਇਲਾਵਾ ਸਮਾਜਿਕ ਜਿੰਮੇਵਾਰੀਆਂ ਲਈ ਵੀ ਸਿੱਖ ਗੰਭੀਰਤਾ ਨਾਲ ਅੱਗੇ ਵਧ ਰਹੇ ਹਨ। 22 ਜੂਨ ਦਿਨ ਐਤਵਾਰ ਨੂੰ ਡੈਲਟਾ ਵਿਖੇ ਟਰੈਕ ਵਿਚ ਸਿੱਖ ਕੌਮ ਦੇ ਵਾਲੰਟੀਅਰਾਂ ਵੱਲੋਂ 'ਸਿੱਖ ਵਾਕ ਫਾਰ ਲਾਈਫ' ਦਾ ਆਯੋਜਨ ਕੀਤਾ ਗਿਆ। ਇਸ ਵਾਕ ਦਾ ਸੁਨੇਹਾ ਇਹ ਸੀ ਕਿ ਜਿੱਥੇ ਅਸੀਂ ਮਾਇਆ, ਭੋਜਨ ਆਦਿ ਦਾਨ ਕਰਦੇ ਹਾਂ ਉਥੇ ਲੋੜਵੰਦਾਂ ਲਈ ਆਪਣੇ ਸਰੀਰ ਦੇ ਅੰਗ ਵੀ ਦਾਨ ਕਰੀਏ। ਇਸ ਵਾਕ ਲਈ ਸਿੱਖਾਂ ਨੇ ਭਰਵਾਂ ਹੁੰਗਾਰਾ ਦਿੱਤਾ। ਨਾਰਥ ਡੈਲਟਾ ਸੈਕੰਡਰੀ ਸਕੂਲ ਦੀ ਗਰਾਊਂਡ ਵਿਚ ਵੱਖ ਵੱਖ ਸੰਸਥਾਵਾਂ ਨੇ ਆਪਣੇ ਟੈਂਟ ਲਗਾਏ ਹੋਏ ਸਨ।ਜਿੱਥੇ ਉਹ ਆਏ ਲੋਕਾਂ ਨੂੰ ਸਿਹਤ ਸਬੰਧੀ ਜਾਣਕਾਰੀ ਦੇ ਰਹੇ ਸਨ ਉਥੇ ਉਹ ਅੰਗ ਦਾਨ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰ ਰਹੇ ਸਨ। ਸਵੇਰੇ 11 ਵਜੇ ਸਿੱਖ ਵਾਕ ਫਾਰ ਲਾਈਫ ਦੀ ਸ਼ੁਰੂਆਤ ਤੋਂ ਪਹਿਲਾ ਵਾਲੰਟੀਅਰ ਰਵਿੰਦਰ ਕੌਰ ਵਿਰਕ ਨੇ ਸਭ ਨੂੰ ਜੀ ਆਇਆ ਕਿਹਾ ਤੇ ਵਾਕ ਦੇ ਮਕਸਦ ਬਾਰੇ ਦੱਸਿਆ। ਉਹਨਾਂ ਤੋਂ ਬਾਦ ਬੀਬੀ ਬਲਜੀਤ ਕੌਰ ਨੇ ਵਾਕ ਬਾਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਜਾਣਕਾਰੀ ਦਿੱਤੀ।



ਉਹਨਾਂ ਤੋਂ ਉਪਰੰਤ ਐਮ ਪੀ ਜਿੰਨੀ ਸਿਮਸ ਨੇ ਕਿਹਾ ਇਹ ਬਹੁਤ ਵਧੀਆ ਉੱਦਮ ਹੈ। ਐਮ ਪੀ ਜਸਵੀਰ ਸਿੰਘ ਸੰਧੂ ਨੇ ਵੀ ਸਾਰੇ ਆਏ ਲੋਕਾਂ ਦੀ ਸ਼ਲਾਘਾ ਕੀਤੀ। ਬੀ ਸੀ ਦੀ ਸਾਬਕਾ ਮੰਤਰੀ ਬਰਿੰਡਾ ਲੌਕ ਨੇ ਵੀ ਹਾਜਰੀ ਲਗਵਾਈ। ਗੈਸਟ ਸਪੀਕਰ ਡੇਵ ਪੈਟਰਸਨ ਨੇ ਸਿੱਖ ਕੌਮ ਦੀ ਬਹੁਤ ਸ਼ਲਾਘਾ ਕੀਤੀ। 11.30 ਵਜੇ ਵਾਕ ਸ਼ੁਰੂ ਕੀਤੀ ਗਈ ਜੋ 2 ਵਜੇ ਤੱਕ ਨਿਰੰਤਰ ਚਲਦੀ ਰਹੀ।

500-700 ਤੱਕ ਵਿਅਕਤੀ ਸ਼ਾਮਲ ਹੋਏ। ਜਿਹਨਾਂ ਅੰਗਦਾਨ ਬਾਰੇ ਜਾਣਕਾਰੀ ਲਈ ਆਪਣੇ ਨਾਮ ਲਿਖਵਾਏ। ਰੌਇਲ ਬੈਂਕ ਵੱਲੋਂ ਪਾਣੀ ਦੀ ਸੇਵਾ ਕੀਤੀ ਗਈ।ਏ ਐਂਡ ਜੀ ਟੋਇੰਗ ਵੱਲੋਂ ਪੌਲ ਕੌਰਨ ਅਤੇ ਹੋਰ ਕੰਪਨੀਆਂ ਵੱਲੋਂ ਜੂਸ ਫਰੂਟ ਦੀ ਸੇਵਾ ਕੀਤੀ ਗਈ।

ਨੌਜਵਾਨ ਬੱਚਿਆਂ ਨੂੰ ਖੂਨਦਾਨ ਕਰਨ ਅਤੇ ਦੂਸਰਿਆਂ ਦੀ ਭਲਾਈ ਕਰਨ ਲਈ ਕੀ ਕਰ ਸਕਦੇ ਹਾਂ ਪ੍ਰਸ਼ਨਾਵਲੀ ਦਿੱਤੀ ਗਈ।ਤੇ ਸਾਰੇ ਉੱਤਰ ਦੇਣ ਵਾਲਿਆਂ ਨੂੰ ਇਨਾਮ ਦਿੱਤੇ ਗਏ।

ਆਏ ਲੋਕਾਂ ਤੇ ਵਾਲੰਟੀਅਰਾਂ ਨੇ ਅਗਲੇ ਸਾਲ ਹੋਣ ਵਾਲੀ ਸਿੱਖ ਵਾਕ ਫਾਰ ਲਾਈਫ ਲਈ ਹੋਰ ਵੀ ਵਧ ਚੜ ਕੇ ਹਿੱਸਾ ਲੈਣ ਅਤੇ ਹੋਰ ਪਰਿਵਾਰਾਂ ਨੂੰ ਸ਼ਾਮਲ ਕਰਨ ਲਈ ਵਾਅਦਾ ਕੀਤਾ।

# ਸ੍ਰ: ਚਰਨ ਸਿੰਘ ਸਿੰਧਰਾ ਦੀ ਯਾਦ ਚ ਸਰਧਾਂਜਲੀ ਸਮਾਰੋਹ ਹੋਇਆ

ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ ਸਵਰਗਵਾਸੀ ਸ੍ਰ: ਚਰਨ ਸਿੰਘ ਸਿੰਧਰਾ ਦੀ ਹਰ ਸਾਲ ਬਰਸੀ ਮਨਾਉਣ ਅਤੇ ਉਹਨਾਂ ਵੱਲੋਂ ਲਿੱਖੇ ਨਾਟਕਾਂ ਨੂੰ ਉੱਤਰੀ ਅਮਰੀਕਾ ਵਿੱਚ ਖਿਡਾਏ ਜਾਣ ਦਾ ਲਿਆ ਅਹਿਦ

ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ 22 ਜੂਨ ਦਿਨ ਐਤਵਾਰ 2014 ਨੂੰ ਗੁਰੂ ਘਰ ਸੈਨਹੋਜ਼ੇ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ, ਵਿਸ਼ਵ ਪ੍ਰਸਿੱਧ ਲੇਖਕ, ਨਿਰਦੇਸ਼ਕ ਅਤੇ ਨਾਟਕਕਾਰ ਸ੍ਰ:ਚਰਨ ਸਿੰਘ ਸਿੰਧਰਾ ਦੀ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ, ਇੱਕ ਬਹੁਤ ਹੀ ਭਾਵਕ ਅਤੇ ਪ੍ਰਭਾਵਸ਼ਾਲੀ ਸਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸ੍ਰ:ਚਰਨ ਸਿੰਘ ਸਿੰਧਰਾ ਪਿਛਲੇ ਦਿਨੀ 06 ਅਪ੍ਰੈਲ 2014 ਨੂੰ ਚੰਡੀਗੜ੍ਹ ਦੇ ਨੇੜਲੇ ਸ਼ਹਿਰ 'ਖਰੜ' ਵਿਖੇ ਅਕਾਲ ਚਲਾਣਾ ਕਰ ਗਏ ਸਨ।

ਸ੍ਰ: ਚਰਨ ਸਿੰਘ ਸਿੰਧਰਾ ਜਦੋਂ ਸਾਲ 2012 ਵਿੱਚ ਆਪਣੇ ਬੇਟੇ ਸ੍ਰ:ਨਵਜੋਤ ਸਿੰਘ ਸਿੰਧਰਾ ਅਮਰੀਕਾ ਨਿਵਾਸੀ ਪਾਸ ਆਏ ਸਨ ਤਾਂ ਉਹਨਾਂ ਨੇ ਆਪਣੀ ਅਮਰੀਕਾ ਫੇਰੀ ਦੁਰਾਨ ਇੱਥੋਂ ਦੇ ਸਿੱਖ ਬੱਚਿਆਂ ਨੂੰ ਆਪਣੇ ਧਰਮ, ਵਿਰਸੇ, ਸਭਿਆਚਾਰ ਅਤੇ ਇਤਿਹਾਸ ਨਾਲ ਜੋੜਨ ਦਾ ਸੰਕਲਪ ਲਿਆ ਤਾਂ ਉਹਨਾਂ ਨੇ ਇੱਥੋਂ ਦੇ ਜੰਮ-ਪਲ ਪਰਵਾਸੀ ਸਿੱਖ ਬੱਚਿਆਂ ਤੋਂ, ਆਪਣਾ ਲਿਖਿਆ ਅਤੇ ਨਿਰਦੇਸ਼ਣ ਕੀਤਾ ਰੂਪਕ 'ਨਿੱਕੀਆਂ ਜਿੰਦਾਂ ਵੱਡਾ ਸਾਕਾ-ਸਾਕਾ ਸਰਹਿੰਦ' ਕੈਲੇਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿੱਚ ਪੇਸ਼ ਕਰਕੇ ਸਿੱਧ ਕਰ ਦਿੱਤਾ ਸੀ ਕਿ ਜਿਸ ਗੱਲ ਨੂੰ ਲੈ ਕੇ ਦੇਸ਼ ਵਿਦੇਸ਼ ਵਿੱਚ ਵਸਦੇ ਸਿੱਖ ਮਾਪੇ ਬੱਚਿਆਂ ਪ੍ਰਤਿ ਚਿੰਤਿਤ ਹਨ ਉਹਨਾਂ ਨੂੰ ਆਪਣੀ ਸਭਿਅਤਾ ਨਾਲ ਜੋੜਨਾ ਕੋਈ ਬਹੁਤਾ ਔਖਾ ਕੰਮ ਨਹੀਂ ਹੈ। ਇਸ ਕੰਮ ਨੂੰ ਨਾਟ-ਕਲਾ ਰਾਹੀਂ ਸਹਿਜੇ ਹੀ ਕੀਤਾ ਜਾ ਸਕਦਾ ਹੈ। ਅਮਰੀਕਨ ਸਿੱਖ ਇਤਿਹਾਸ ਵਿੱਚ ਪਹਿਲ ਦੇ ਅਧਾਰ ਤੇ ਉਹਨਾਂ ਦੇ ਇਸ ਉਪਰਾਲੇ ਸਦਕਾ ਇੱਥੋਂ ਦੇ ਸਿੱਖ ਭਾਈਚਾਰੇ ਵਿੱਚ ਆਪਸੀ ਪਿਆਰ ਅਤੇ ਸੱਦਭਾਵਨਾ ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ।

ਇਹੀ ਕਾਰਨ ਹੈ ਕਿ ਉਹਨਾਂ ਦੇ ਸਰਧਾਂਜਲੀ ਸਮਾਰੋਹ ਨੂੰ ਸਫ਼ਲ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ, ਸੈਨਹੋਜ਼ੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਬਾਲ ਸਾਹਿਤ ਕਲਾ ਰੰਗ-ਮੰਚ, ਦਲ ਖਾਲਸਾ ਅਲਾਇੰਸ, ਯੂਨਾਈਟਡ ਸਪੋਰਟਸ ਕੱਲਬ, ਵਰਲਡ ਸਿੱਖ ਫੈਡਰੇਸ਼ਨ, ਇੰਟਰਨੈਸ਼ਨਲ ਗ਼ਦਰ ਮੈਮੋਰੀਅਲ ਟੱਰਸਟ, ਬੇ ਏਰੀਆ ਸਿੱਖ ਅਲਾਇੰਸ, ਗੋਲਡਨ ਪੰਜਾਬ ਕੱਲਬ, ਵਰ਼ਲਡ ਸਿੱਖ ਕੌਂਸਲ, ਦਾ ਸਿੱਖ ਐਜੂਕੇਸ਼ਨਲ ਟੱਰਸਟ, ਕੌਂਸਲ ਆਫ ਖ਼ਾਲਸਤਾਨ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ, ਅਜੇ ਭੰਗੜਾ ਗਰੁੱਪ, ਗੁਰੂ ਤੇਗ ਬਹਾਦਰ ਸਪੋਰਟਸ ਕੱਲਬ, ਗੁਰੂ ਗ੍ਰੰਥ ਪ੍ਰਚਾਰ ਮਿਸ਼ਨ, ਗੁਰੂ ਘਰ ਐਲਸਬਰਾਂਟੇ ਦੇ ਸਾਬਕਾ ਕਮੇਟੀ ਮੈਂਬਰ, ਸ਼ਹੀਦਾਂ ਵਾਲਾ ਖੂਹ ਅਜ਼ਨਾਲਾ, ਆਦਿ ਧਾਰਮਿਕ, ਸਮਾਜਿਕ, ਪੰਥਕ ਸੰਸਥਾਵਾਂ ਦੇ ਪ੍ਰਮੁੱਖ ਆਗੂਆਂ ਅਤੇ ਸਰਗਰਮ ਮੈਂਬਰਾਂ ਨੇ ਸ਼ਿਰਕਤ ਕੀਤੀ।

ਗੁਰੂ ਘਰ ਦੇ ਕਮੇਟੀ ਮੈਂਬਰ ਸ੍ਰ: ਸੁਖਦੇਵ ਸਿੰਘ ਬੈਨੀਵਾਲ ਨੇ ਸਰਧਾਂਜਲੀ ਸਮਾਰੋਹ ਦੇ ਸ਼ੁਰੂਆਤੀ ਦੌਰ ਚ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਨੂੰ ਅਤੇ ਸਭਾ ਦੇ ਸੱਦੇ ਤੇ ਪਹੁੰਚੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਵਿਚਾਰਾਂ ਦੀ ਸਾਂਝ ਪਾਈ। ਗੁਰੂ ਘਰ ਦੇ ਕਮੇਟੀ ਮੈਂਬਰ ਅਤੇ ਸ਼ਹੀਦ ਪਰਿਵਾਰ ਨਾਲ ਸਬੰਧਿਤ ਸ੍ਰ: ਸਰਬਜੋਤ ਸਿੰਘ ਸਵੱਦੀ ਨੇ ਸਵਰਗਵਾਸੀ ਸ੍ਰ: ਸਿੰਧਰਾ ਜੀ ਦੇ ਜੀਵਨ ਦੀਆਂ ਕੁੱਝ ਯਾਦਾਂ ਨੂੰ ਯਾਦ ਕਰਦਿਆਂ ਸਭਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਬੱਚੀ ਹਰਪ੍ਰੀਤ ਕੌਰ, ਕਾਕਾ ਪ੍ਰਭਪ੍ਰੀਤ ਸਿੰਘ ਤੇ ਭਾਈ ਕੁਲਵੰਤ ਸਿੰਘ ਦੇ ਰਾਗੀ ਜੱਥੇ ਨੂੰ ਸ਼ਬਦ ਪੜ੍ਹਨ ਦਾ ਟਾਇਮ ਦੇ ਕੇ ਸਟੇਜ ਦੀ ਕਾਰਵਾਈ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਪ੍ਰਧਾਨ ਸ੍ਰ:ਕੁਲਦੀਪ ਸਿੰਘ ਢੀਂਡਸਾ ਨੂੰ ਸੌਂਪ ਦਿੱਤੀ, ਜਿੰਨ੍ਹਾਂ ਨੇ ਸ੍ਰ:ਚਰਨ ਸਿੰਘ ਸਿੰਧਰਾ ਦੇ ਜੀਵਨ ਕਾਲ 'ਚ ਜਿੰਦਗੀ ਦੀਆਂ ਪ੍ਰਾਪਤੀਆਂ ਅਤੇ ਉਹਨਾਂ ਵੱਲੋਂ ਲਿਖੇ ਅਤੇ ਖੇਡੇ ਰੂਪਕਾਂ ਬਾਰੇ ਅਹਿਮ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ। ਸ੍ਰ:ਜਤਿੰਦਰ ਸਿੰਘ ਦੁੱਗਲ, ਸੇਵਾ ਮੁਕਤ ਡਾਇਰੈਕਟਰ, ਨਹਿਰੂ ਯੂਬਾ ਕੇਂਦਰ, ਮਨਿਸਟਰੀ ਆਫ ਯੂਥ ਅਫੇਅਰਜ਼ ਭਾਰਤ ਸਰਕਾਰ ਨੇ, ਸ੍ਰ:ਸਿੰਧਰਾ ਸਾਹਿਬ ਨਾਲ ਬੀਤਾਏ ਦਿਨਾਂ ਦੀਆਂ ਕੁੱਝ ਮਿੱਠੀਆਂ ਯਾਦਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਕਾਕਾ ਪ੍ਰਭਪ੍ਰੀਤ ਸਿੰਘ ਜਿਸ ਨੇ ਰੂਪਕ 'ਨਿੱਕੀਆਂ ਜਿੰਦਾਂ ਵੱਡਾ ਸਾਕਾ-ਸਾਕਾ ਸਰਹਿੰਦ' ਵਿੱਚ ਸਰਹਿੰਦ ਦੇ ਸੂਬੇ 'ਵਜ਼ੀਰ ਖਾਨ' ਦਾ ਕਿਰਦਾਰ ਨਿਭਾਇਆ ਸੀ, ਉਸ ਨੇ ਆਪਣੇ ਕੌੜੇ ਮਿੱਠੇ ਤਜ਼ਰਬੇ ਸੰਗਤਾਂ ਨਾਲ ਸਾਂਝੇ ਕੀਤੇ।




ਸਟੇਜ ਦੇ ਸੰਚਾਲਕ ਅਤੇ ਸਭਾ ਦੇ ਪ੍ਰਧਾਨ ਸ੍ਰ:ਕੁਲਦੀਪ ਸਿੰਘ ਢੀਂਡਸਾ ਵੱਲੋਂ ਸ੍ਰ: ਚਰਨ ਸਿੰਘ ਸਿੰਧਰਾ ਦੇ ਜੀਵਨ ਨਾਲ ਸਬੰਧਿਤ ਅਤੇ ਉਹਨਾਂ ਵੱਲੋਂ ਖੇਡੇ ਅਤੇ ਖਿਡਾਏ ਗਏ ਰੂਪਕਾਂ ਦੀਆਂ ਤਸਵੀਰਾਂ ਦਾ ਸਲਾਈਡ ਸੋਅ ਵਿਖਾਇਆ ਗਿਆ। ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਖੇਡੇ ਜਾਣ ਵਾਲੇ ਰੂਪਕ 'ਮਰਦ ਅਗੰਮੜਾ' ਦੇ ਕੁੱਝ ਅੰਸ਼ ਵੀ ਸੰਗਤਾਂ ਨੂੰ ਸੁਣਾਏ ਗਏ। ਇੰਟਰਨੈਸ਼ਨਲ ਗਦਰ ਮੈਮੋਰੀਅਲ ਟਰੱਸਟ ਦੇ ਵਾਇਸ ਪ੍ਰਧਾਨ ਸ੍ਰ:ਸੁਦੇਸ਼ ਸਿੰਘ ਅਟਵਾਲ ਅਤੇ ਸਾਥੀਆਂ ਵੱਲੋਂ ਸ੍ਰ:ਨਵਜੋਤ ਸਿੰਘ ਸਿੰਧਰਾ ਨੂੰ ਗਦਰ ਮੂਵਮੈਂਟ ਨਾਲ ਸਬੰਧਿਤ ਪੁਸਤਕਾਂ ਭੇਟ ਕਰਕੇ ਗਦਰ ਮੂਵਮੈਂਟ ਤੇ ਵੀ ਨਾਟਕ ਲਿੱਖਣ ਅਤੇ ਖੇਡਣ ਦੀ ਬੇਨਤੀ ਕੀਤੀ ਗਈ। ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਬਾਨੀ ਸ੍ਰ:ਪਰਮਜੀਤ ਸਿੰਘ ਸੇਖੋਂ (ਦਾਖਾ) ਵੱਲੋਂ ਸਵਰਗਵਾਸੀ ਸ੍ਰ:ਚਰਨ ਸਿੰਘ ਸਿੰਧਰਾ ਜੀ ਦੀ ਹਰ ਸਾਲ ਬਰਸੀ ਮਨਾਉਣ ਦਾ ਅਤੇ ਉਹਨਾਂ ਦੇ ਲਿਖੇ ਨਾਟਕਾਂ/ਰੂਪਕਾਂ ਨੂੰ ਕ੍ਰਮਵਾਰ ਖੇਡਣ ਦਾ ਐਲਾਨ ਵੀ ਕੀਤਾ ਗਿਆ। ਸਮੇਂ ਦੀ ਘਾਟ ਕਾਰਨ ਜਿਹੜੀਆਂ ਸਖਸ਼ੀਅਤਾਂ ਨੂੰ ਬੋਲਣ ਲਈ ਸਮਾਂ ਨਹੀਂ ਮਿਲ ਸਕਿਆ ਅਸੀਂ ਉਹਨਾਂ ਤੋਂ ਬੜੀ ਨਿਮਰਤਾ ਸਹਿਤ ਖਿਮਾ ਦੇ ਜਾਚਕ ਹਾਂ।

ਇਸ ਪ੍ਰੋਗਰਾਮ ਨੂੰ ਅਹਿਮ ਤੇ ਸਫਲ ਬਣਾਉਣ ਲਈ ਜਿਹਨਾਂ ਸ਼ਖਸ਼ੀਅਤਾਂ ਨੇ ਸਵਰਗਵਾਸੀ ਸ੍ਰ:ਚਰਨ ਸਿੰਘ ਸਿੰਧਰਾ ਜੀ ਦੀ ਨਿੱਘੀ ਤੇ ਮਿੱਠੀ ਯਾਦ ਨੂੰ ਸਮਰਪਿਤ ਸਰਧਾਂਜਲੀ ਰੂਪ ਵਿੱਚ ਵਿਚਾਰਾਂ ਅਤੇ ਹਾਜ਼ਰੀ ਰਾਹੀਂ ਸਾਂਝ ਪਾਈ ਅਤੇ ਸ੍ਰ:ਚਰਨ ਸਿੰਘ ਸਿੰਧਰਾ ਜੀ ਦੇ ਅਮਰੀਕਾ ਨਿਵਾਸੀ ਸਪੁੱਤਰ ਸ੍ਰ:ਨਵਜੋਤ ਸਿੰਘ ਸਿੰਧਰਾ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਉਹਨਾਂ ਵਿੱਚ ਸ੍ਰ:ਕੁਲਦੀਪ ਸਿੰਘ ਢੀਂਡਸਾ, ਸ੍ਰ:ਪਰਮਜੀਤ ਸਿੰਘ ਸੇਖੋਂ (ਦਾਖਾ), ਸ੍ਰ:ਅਮੋਲਕ ਸਿੰਘ ਗਾਖਲ, ਸ੍ਰ:ਬਲਬੀਰ ਸਿੰਘ ਭਾਟੀਆ, ਸ੍ਰ:ਤਰਲੋਚਨ ਸਿੰਘ ਦੁਪਾਲਪੁਰ, ਸ੍ਰ:ਸੁਖਦੇਵ ਸਿੰਘ ਬੈਨੀਵਾਲ, ਸ੍ਰ:ਸਰਬਜੋਤ ਸਿੰਘ ਸੱਵਦੀ, ਡਾ:ਆਲਾ ਸਿੰਘ, ਸ੍ਰ:ਗੁਰਮੀਤ ਸਿੰਘ ਬਰਸਾਲ, ਸ੍ਰ:ਝਿਰਮਲ ਸਿੰਘ ਅਜਨਾਲਾ, ਸ੍ਰ:ਸੁਦੇਸ਼ ਸਿੰਘ ਅਟਵਾਲ, ਸ੍ਰ:ਜਸਵੀਰ ਸਿੰਘ ਤੱਖਰ, ਸ੍ਰ:ਜਤਿੰਦਰ ਸਿੰਘ ਦੁਗਲ, ਸ੍ਰ:ਅਵਤਾਰ ਸਿੰਘ ਮਿਸ਼ਨਰੀ, ਸ੍ਰ:ਸੁਖਵਿੰਦਰ ਸਿੰਘ ਗੋਗੀ, ਸ੍ਰ:ਜਸਪਾਲ ਸੰਿਘ ਖਾਲਸਾ, ਸ੍ਰ: ਜਸਦੀਪ ਸੰਿਘ, ਪ੍ਰਿੰਸੀਪਲ ਹਰਚਰਨ ਸੰਿਘ ਗੱਿਲ, ਸ੍ਰ:ਸਤਪਾਲ ਸੰਿਘ ਮਦਾਰ, ਸ੍ਰ:ਮਨਜੀਤ ਸਿੰਘ ਛੀਨਾ, ਬੱਚੀ ਹਰਪ੍ਰੀਤ ਕੌਰ, ਕਾਕਾ ਪ੍ਰਭਪ੍ਰੀਤ ਸਿੰਘ, ਭਾਈ ਕੁਲਵੰਤ ਸਿੰਘ, ਸ੍ਰ:ਚਰਨਜੀਤ ਸਿੰਘ ਪੱਨੂ, ਸ੍ਰ:ਗੁਰਦਿਆਲ ਸਿੰਘ ਨੂਰਪੁਰੀ, ਬੀਬੀ ਗੁਰਦੇਵ ਕੌਰ, ਸ੍ਰ:ਤਰਸੇਮ ਸਿੰਘ ਸੂਮਨ ਆਦਿ ਦੇ ਨਾਮ ਵਰਨਣ ਯੋਗ ਹਨ।

ਜਾਰੀ ਕਰਤਾ:-
ਬਿਊਰੋ, ਨਇੰਟਰਨੈਸ਼ਨਲ ਸਿੱਖ ਸਾਹਿਤ ਸਭਾ
510-774-5909, 510-676-4440

## ਸਿੱਖ ਕੌਮ ਲਈ ਮਾਣ ਵਾਲੀ ਗੱਲ

# ਲੈਫ਼. ਕਰਨਲ ਹਰਜੀਤ ਸਿੰਘ ਸੱਜਨ ਨੂੰ ਮਿਲਿਆ 'ਆਰਡਰ ਆਫ ਮਿਲਟਰੀ' ਅਵੱਾਰਡ



ਔਟਵਾ (ਜੈਤੇਗ ਸਿੰਘ ਅਨੰਤ ਕੈਨੇਡਾ) ਸਿੱਖ ਕੌਮ ਦੇ ਮਾਣ ਵਿਚ ਉਸ ਸਮੇਂ ਵਾਧਾ ਹੋਇਆ ਜਦੋਂ ਕਨੇਡਾ ਦੀ ਰਾਜਧਾਨੀ ਔਟਵਾ ਵਿਚ ਸ. ਲੈਫਟੀਨੈਂਟ ਕਰਨਲ ਹਰਜੀਤ ਸਿੰਘ ਸੱਜਨ ਨੂੰ 'ਆਰਡਰ ਆਫ ਮਿਲਟਰੀ ਮੈਰਿਟ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਵਰਨਣਯੋਗ ਹੈ ਕਿ ਸ. ਹਰਜੀਤ ਸਿੰਘ ਸੱਜਨ ਪਹਿਲੇ ਸਾਬਤ ਸੂਰਤ ਸਿੱਖ ਸਰਦਾਰ ਹਨ ਜੋ ਕਨੇਡਾ ਦੀ ਆਰਮੀ ਵਿਚ ਇੰਨੇ ਉੱਚੇ ਅਹੁਦੇ ਤੇ ਪਹੁੰਚੇ ਅਤੇ ਕਨੇਡਾ ਸਰਕਾਰ ਵੱਲੋਂ ਉਚ ਪੱਧਰ ਦਾ ਐਵਾਰਡ ਹਾਸਲ ਕੀਤਾ।

ਸ. ਹਰਜੀਤ ਸਿੰਘ ਸੱਜਨ ਦਾ ਸਾਰਾ ਪਰਿਵਾਰ ਹੀ ਸਿੱਖੀ ਨੂੰ ਸਮਰਪਿਤ ਹੈ। ਇਹਨਾਂ ਦੇ ਦਾਦਾ ਜੀ ਸ. ਫਕੀਰ ਸਿੰਘ ਨੰਬਰਦਾਰ ਪਿੰਡ ਬੰਬੇਲੀ (ਮਾਹਿਲਪੁਰ) ਜ਼ਿਲ੍ਹਾ ਹੁਸ਼ਿਆਰਪੁਰ ਵੀ ਬੜੀ ਚੜ੍ਹਦੀ ਕਲਾ ਅਤੇ ਜਾਣੀ ਪਹਿਚਾਣੀ ਸ਼ਖਸੀਅਤ ਸਨ। ਜਿੰਮੀਦਾਰ ਦਾ ਕਿੱਤਾ ਕਰਦੇ ਸਨ।ਪਰ ਗੁਰੂਘਰ ਨਾਲ ਜੁੜੇ ਰਹੇ। 1983 ਵਿਚ ਉਹ ਕਨੇਡਾ ਆਏ।ਉਹਨਾਂ ਲਗਾਤਾਰ 14 ਸਾਲ ਰੌਸ ਗੁਰੂ ਘਰ ਨਿਸ਼ਕਾਮ ਸੇਵਾ ਕੀਤੀ। ਉਹ ਸਵੇਰੇ 2.45 ਤੇ ਉਠਦੇ।ਹਲਕੀ ਕਸਰਤ, ਇਸ਼ਨਾਨ, ਨਿਤਨੇਮ ਕਰ ਕੇ 3.45 ਤੇ ਗੁਰੂਘਰ ਪਹੁੰਚ ਜਾਂਦੇ। ਗੁਰੂ ਘਰ ਦੇ ਗ੍ਰੰਥੀ ਸਾਹਿਬ ਭਾਈ ਜਗਦੀਸ਼ ਸਿੰਘ, ਭਾਈ ਬਲਵਿੰਦਰ ਸਿੰਘ ਹੋਰਾਂ ਨਾਲ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕਰਵਾਉਂਦੇ। ਸਾਰੀ ਸੇਵਾ ਕਰਨੀ ਅਤੇ 12.30 ਵਜੇ ਵਾਪਸ ਘਰ ਆਉਣਾ। ਥੋੜਾ ਆਰਾਮ ਕਰ ਕੇ ਸ਼ਾਮ 3.30 ਫਿਰ ਗੁਰੂਘਰ ਚਲੇ ਜਾਣਾ।ਰਹਿਰਾਸ, ਸੁਖ ਆਸਣ ਕਰਵਾ ਕੇ ਘਰ ਆਉਣਾ। 14 ਸਾਲਾਂ ਵਿਚ ਉਹਨਾਂ ਨੇ ਇਕ ਵੀ ਨਾਗਾ ਨਹੀਂ ਪਾਇਆ ਭਾਵੇਂ ਕਿੰਨੀ ਵੀ ਠੰਢ, ਮੀਂਹ ਝੱਖੜ, ਬਰਫ ਪੈਂਦੀ ਹੋਵੇ ਗੁਰੂਘਰ ਦੀ ਸੇਵਾ ਨਿਰੰਤਰ ਜਾਰੀ ਰੱਖੀ।

ਸ. ਹਰਜੀਤ ਸਿੰਘ ਸੱਜਨ ਦੇ ਪਿਤਾ ਜੀ ਸਾ. ਕੁੰਦਨ ਸਿੰਘ ਸੱਜਨ ਵੀ ਸਿੱਖੀ ਨੂੰ ਪਰਨਾਏ ਵਿਅਕਤੀ ਹਨ। ਉਹਨਾਂ ਨੇ 16 ਸਾਲ ਪੁਲਿਸ ਦੀ ਨੌਕਰੀ ਕੀਤੀ ਤੇ ਫੁੱਟਵਾਲ ਦੇ ਚੰਗੇ ਖਿਡਾਰੀ ਸਨ। 1962 ਵਿਚ ਪੰਜਾਬ ਪੁਲਿਸ ਸੌਕਰ ਟੀਮ ਲਈ ਚੁਣੇ ਗਏ ਪਰੰਤੂ ਸੱਟ ਲੱਗਣ ਕਾਰਨ ਉਹਨਾਂ ਨੂੰ ਆਪਣੀ ਖੇਡ ਛੱਡਣੀ ਪਈ।ਸ. ਕੁੰਦਨ ਸਿੰਘ ਬਚਪਨ ਤੋਂ ਕੀਰਤਨ ਨਾਲ ਪ੍ਰੇਮ ਰੱਖਦੇ ਸਨ ਤੇ ਆਪ ਵੀ ਕੀਰਤਨ ਕਰਦੇ ਰਹੇ ਹਨ। ਉਹ 1972 ਵਿਚ ਕਨੇਡਾ ਵੈਨਕੂਵਰ ਆ ਕੇ ਮਿੱਲ ਵਿਚ ਕੰਮ ਕਰਨ ਲੱਗੇ ਤੇ ਰੌਸ ਗੁਰੂਘਰ ਦੀ ਸੇਵਾ 'ਚ ਹਾਜਰ ਰਹਿੰਦੇ ਸਨ। ਇਹ ਰਿਕਾਰਡਿੰਗ ਸਕੱਤਰ ਤੇ ਅਸਿਸਟੈਂਟ ਸੈਕਟਰੀ ਵੀ ਚੁਣੇ ਗਏ। 1991-92 ਵਿਚ ਕਮੇਟੀ ਦੇ ਮੁੱਖ ਸੇਵਾਦਾਰ ਦੇ ਤੌਰ ਤੇ ਵੀ ਸੇਵਾ ਕੀਤੀ। ਸ. ਕੁੰਦਨ ਸਿੰਘ ਸੱਜਨ ਅੱਜਕੱਲ੍ਹ ਗੁਰਦੁਆਰਾ ਸਿੰਘ ਸਭਾ ਸਰੀ ਵਿਖੇ ਸੇਵਾ ਨਿਭਾ ਰਹੇ ਹਨ।

ਅਜਿਹੇ ਗੁਰਸਿੱਖ ਪਰਿਵਾਰ ਦੇ ਬੱਚੇ ਸ. ਹਰਜੀਤ ਸਿੰਘ ਸੱਜਨ ਤੇ ਅਕਾਲ ਪੁਰਖ ਦੀ ਮਿਹਰ ਹੈ ਕਿ ਉਹ ਵੀ ਸਿੱਖੀ ਸਰੂਪ ਵਿਚ ਅਤੇ ਚੰਗੀ ਸੇਵਾ ਲਈ 'ਆਰਡਰ ਆਫ ਮਿਲਟਰੀ ਮੈਰਿਟ' ਦੀ ਉਪਾਧੀ ਹਾਸਲ ਕੀਤੀ।ਹਰਜੀਤ ਸਿੰਘ ਨੇ ਲਗਾਤਾਰ 25 ਸਾਲ ਫੌਜ 'ਚ ਸੇਵਾ ਕੀਤੀ। ਇਹਨਾਂ ਕਨੇਡੀਅਨ ਫੌਜ ਦੇ ਅਧਿਕਾਰੀ ਵਜੋਂ 4 ਮਿਸ਼ਨਾਂ ਜਿਹਨਾਂ ਵਿਚੋਂ 3 ਅਫਗਾਨਿਸਤਾਨ ਅਤੇ 1 ਬੋਸਨੀਆ ਵਿਚ ਮਿਸ਼ਨ ਤੇ ਦਲੇਰੀ ਨਾਲ ਸਫਲਤਾ ਹਾਸਲ ਕੀਤੀ। ਅੱਜਕਲ ਹਰਜੀਤ ਸਿੰਘ ਬੀ ਸੀ ਰੈਜਮੈਂਟ ਦੇ ਕਮਾਂਡਿੰਗ ਅਫਸਰ ਹਨ।

ਸਿੱਖ ਕੌਮ ਇਸ ਤਰ੍ਹਾਂ ਦੇ ਉਤਸ਼ਾਹੀ ਸਿੱਖ ਨੌਜਵਾਨ ਤੋਂ ਅਗਾਂਹ ਵੀ ਕਨੇਡੀਅਨ ਲੋਕਾਂ ਲਈ ਵੱਖ ਵੱਖ ਖੇਤਰਾਂ ਵਿਚ ਅਗਵਾਈ ਦੀ ਆਸ ਕਰਦਾ ਹੈ। ਯਕੀਨਨ ਅਜਿਹੀ ਸੇਵਾ ਉਹ ਜਾਰੀ ਰੱਖਣਗੇ।ਅਜਿਹੇ ਨੌਜਵਾਨਾਂ ਦੀ ਅਗਵਾਈ ਵਾਕਿਆ ਕਨੇਡੀਅਨ ਲੋਕਾਂ ਅਤੇ ਕਨੇਡਾ ਨੂੰ ਹੋਰ ਵੀ ਬੁਲੰਦੀਆਂ ਤੇ ਲੈ ਜਾਵੇਗੀ।ਹਰਜੀਤ ਸਿੰਘ ਹੋਰ ਵੀ ਤਰੱਕੀਆਂ ਕਰੇ ਅਸੀਂ ਇਹੀ ਅਰਦਾਸ ਕਰਦੇ ਹਾਂ।

# ਭਾਈ ਤ੍ਰਿਲੋਕ ਸਿੰਘ ਹਜ਼ੂਰੀ ਰਾਗੀ ਸ੍ਰੀ ਪਾਉਂਟਾ ਸਾਹਿਬ ਵਾਲੇ ਨਿਊਯਾਰਕ ਵਿਚ



ਨਿਊਯਾਰਕ- ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਪਾਉਂਟਾ ਸਾਹਿਬ ਵਿਖੇ ਪਿਛਲੇ 18 ਸਾਲ ਕੀਰਤਨ ਦੀ ਸੇਵਾ ਕਰਨ ਵਾਲੇ ਭਾਈ ਤ੍ਰਿਲੋਕ ਸਿੰਘ ਜੀ ਆਪਣੇ ਜਥੇ ਨਾਲ ਅੱਜਕਲ੍ਹ ਨਿਊਯਾਰਕ ਵਿਖੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਖੇ ਕੀਰਤਨ ਦੀ ਸੇਵਾ ਨਿਭਾਅ ਕੇ ਸੰਗਤ ਤੋਂ ਅਸੀਸ ਪ੍ਰਾਪਤ ਕਰ ਰਹੇ ਹਨ। ਭਾਈ ਸਾਹਿਬ ਜੀ ਆਪਣੇ ਸਾਥੀਆਂ ਭਾਈ ਅਵਤਾਰ ਸਿੰਘ ਅਤੇ ਭਾਈ ਜਗਤ ਸਿੰਘ ਨਾਲ ਅਮਰੀਕਾ ਦੀ ਫੇਰੀ ਤੇ ਆਏ ਹਨ। ਗੁਰੂ ਘਰ ਦੀਆਂ ਸੰਗਤਾਂ ਭਾਈ ਸਾਹਿਬ ਦੇ ਜਥੇ ਤੇ ਕੀਰਤਨ ਅਰਪਣ ਕਰਕੇ ਨਿਹਾਲ ਹੁੰਦੀਆਂ ਅਸੀਸ ਦੇ ਰਹੀਆਂ ਹਨ। ਜਥੇ ਨਾਲ 929-231-9103 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਦੇਸ਼ ਦੁਆਬਾ

# ਇਰਾਕ ਵਿੱਚ ਫਸੇ ਭਾਰਤੀ ਕਾਮਿਆਂ ਦੀ ਹੋਣੀ ਪਿੱਛੇ ਲੁਕੇ ਸਵਾਲ

ਸੁਰਜੀਤ ਗੱਗ
(9463389628)

ਜਦੋਂ 2007 ਵਿੱਚ ਇਰਾਕ ਜਾਂ ਕਿਸੇ ਅਰਬੀ ਮੁਲਕ ਵਿੱਚ ਤਿੰਨ ਭਾਰਤੀ ਨੌਜਵਾਨ ਜਿਹਨਾਂ ਵਿੱਚੋਂ ਇੱਕ ਰੋਪੜ ਜਿਲ੍ਹੇ ਦੇ ਪਿੰਡ ਮਕੜੌਨਾ ਕਲਾਂ ਦਾ ਸੁਖਦੇਵ ਸਿੰਘ ਅਤੇ ਦੋ ਹਿਮਾਚਲ ਪ੍ਰਦੇਸ਼ ਦੇ ਊਨਾ ਜਿਲ੍ਹੇ ਦੇ ਸਨ, ਜਿਹਨਾਂ ਵਿੱਚੋਂ ਇੱਕ ਦਾ ਨਾਂ ਅੰਤਰਯਾਮੀ ਸੀ। ਇਹ ਤਿੰਨੇ ਨੌਜਵਾਨ ਓਥੋਂ ਦੀ ਕਿਸੇ ਆਤੰਕਵਾਦੀ ਜੱਥੇਬੰਦੀ ਨੇ ਬੰਧਕ ਬਣਾਏ ਹੋਏ ਸਨ। ਤੇ ਇਹਨਾਂ ਨੂੰ ਇਲਾਕੇ ਦੇ ਲੋਕਾਂ ਦੇ ਜ਼ੋਰਦਾਰ ਸੰਘਰਸ਼ ਕਾਰਣ ਸਰਕਾਰ ਨੂੰ ਫੌਰੀ ਕਦਮ ਚੁੱਕਣ ਲਈ ਮਜ਼ਬੂਰ ਹੋਣਾ ਪਿਆ ਸੀ। ਨਤੀਜੇ ਵਜੋਂ ਤਿੰਨੇ ਨੌਜਵਾਨ ਸੁਰੱਖਿਅਤ ਭਾਰਤ ਵਾਪਸ ਆ ਗਏ ਸਨ। ਤੇ ਭਾਰਤ ਪੁੱਜਣ ਉਪਰੰਤ ਉਹਨਾਂ ਨੌਜਵਾਨਾਂ ਦੀ ਸਥਾਨਕ ਸਰਕਾਰਾਂ ਨੇ ਆਰਥਿਕ ਮਦਦ ਵੀ ਕੀਤੀ ਸੀ। ਬੇਸ਼ੱਕ ਅੱਜ ਹਾਲਾਤ ਹੋਰ ਨੇ, ਇਰਾਕ ਵਿੱਚ ਬੰਦੀ ਬਣਾਏ ਗਏ ਜਾਂ ਫਸੇ ਹੋਏ ਭਾਰਤੀ ਉਸ ਦੇਸ਼ ਦੀ ਅੰਦਰੂਨੀ ਖਾਨਾਜੰਗੀ ਕਾਰਣ ਫਸੇ ਹੋਏ ਨੇ। ਅਤੇ ਉਹਨਾਂ ਦੀ ਸੁਰੱਖਿਅਤ ਵਾਪਸੀ ਲਈ ਹਰ ਭਾਰਤੀ ਇਨਸਾਨ ਜਾਤਾਂ ਧਰਮਾਂ ਤੋਂ ਉਤੇ ਉਠ ਕੇ ਫਿਕਰਮੰਦ ਹੈ। ਬਹੁਤੇ ਉਹ ਭਾਰਤੀ ਕਾਮੇ ਓਥੇ ਫਸੇ ਹੋਏ ਹਨ, ਜਿਹਨਾਂ ਨੂੰ ਗੈਰਕਾਨੂੰਨੀ ਤੋਰ ਤੇ ਓਥੇ ਭੇਜਿਆ ਗਿਆ ਹੈ, ਜਿਸ ਵਿੱਚ ਏਜੰਟਾਂ ਦੀ ਮਿਲੀਭੁਗਤ ਵੀ ਹੈ ਤੇ ਭਾਰਤੀ ਕਾਮਿਆਂ ਦੀ ਮਜ਼ਬੂਰੀ ਭਰੀ ਸਹਿਮਤੀ ਵੀ। ਇਰਾਕ ਵਿੱਚ ਹੋਰ ਅਰਬੀ ਦੇਸ਼ਾਂ ਦੇ ਮੁਕਾਬਲੇ ਮਿਹਨਤਾਨਾ ਜਿਆਦਾ ਮਿਲਦਾ ਹੈ ਤੇ ਥੋੜ੍ਹੇ ਜਿਹੇ ਲਾਭ ਦੇ ਲਾਲਚ ਵਿੱਚ ਅਕਸਰ ਮਜ਼ਦੂਰ ਕਾਮੇ ਫਸ ਜਾਂਦੇ ਹਨ। ਉਹ ਉਸ ਦੇਸ਼ ਦੀਆਂ ਅੰਦਰੂਨੀ ਹਾਲਤਾਂ ਤੋਂ ਜਾਣੂੰ ਹੁੰਦੇ ਹੋਏ ਵੀ ਖੁਦ ਨੂੰ ਅਸੁਰੱਖਿਅਤ ਮਾਹੌਲ ਵਿੱਚ ਕੰਮ ਕਰਨ ਲਈ ਤਿਆਰ ਕਰ ਲੈਂਦੇ ਹਨ, ਕਿਉਂਕਿ ਉਹਨਾਂ ਨੇ ਪਿੱਛੇ ਰਹਿ ਗਏ ਅਪਣੇ ਪਰਿਵਾਰ ਦਾ ਢਿੱਡ ਪਾਲਣਾ ਹੁੰਦਾ ਹੈ ਅਤੇ ਭਾਰਤ ਦੇਸ਼ ਦੀ ਹਕੂਮਤ ਦੀਆਂ ਗਲਤ ਨੀਤੀਆਂ ਕਾਰਣ ਚੜ੍ਹੀ ਕਰਜ਼ੇ ਦੀ ਪੰਡ ਵੀ ਲਾਹੁਣੀ ਹੁੰਦੀ ਹੈ।

ਭਾਰਤ ਇੱਕ ਮਜ਼ਬੂਤ ਆਰਥਿਕਤਾ ਵਾਲਾ ਆਤਮਨਿਰਭਰ ਦੇਸ਼ ਹੈ, ਪਰ ਫਿਰ ਵੀ ਇਸ ਦੇ ਵਸਨੀਕਾਂ ਨੂੰ ਰੋਜ਼ੀ ਰੋਟੀ ਲਈ ਬੇਗਾਨੇ ਮੁਲਕਾਂ ਵਿੱਚ ਧੱਕੇ ਖਾਣੇ ਪੈਂਦੇ ਹਨ। ਭਾਰਤ ਦੀ ਆਰਥਕ ਵਿਕਾਸ ਦਰ ਹਰ ਵਾਰ ਪਹਿਲਾਂ ਨਾਲੋਂ ਉੱਚੀ ਹੋਈ ਹੈ ਤੇ ਹਰ ਵਾਰ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦੋ ਪ੍ਰਮੁੱਖ ਉਹ ਕਾਰਣ ਹਨ ਜੋ ਲੁਕਵੇਂ ਤੋਰ ਤੇ ਨਹੀਂ, ਸਿੱਧੇ ਤੋਰ ਤੇ ਬਹੁਤੇ ਭਾਰਤੀ ਕਾਮਿਆਂ ਦਾ ਵਿਸ਼ਵਾਸ ਤੋੜ ਚੁੱਕੇ ਹਨ ਕਿ ਜੇ ਚੱਜ ਦਾ ਜਿਊਣ ਜਿਊਣਾ ਹੈ ਤੇ ਈਮਾਨਦਾਰੀ ਨਾਲ ਜਿਊਣਾ ਹੈ ਤਾਂ ਇਹ ਮੁਲਕ ਛੱਡ ਕੇ ਕਿਸੇ ਹੋਰ ਮੁਲਕ ਵਿੱਚ ਰੁਜ਼ਗਾਰ ਲਈ ਹੀਲਾ ਕਰਨਾ ਹੀ ਪੈਣਾ ਹੈ। ਜੇ ਏਸ ਤਰਾਂ ਗਰੀਬ ਵਰਗ ਅਤੇ ਨਿਮਨ ਮੱਧਵਰਗ ਮੁਲਕ ਛੱਡਣ ਲਈ ਮਜ਼ਬੂਰ ਹੈ ਤਾਂ ਇਸ ਵਿੱਚ ਕਸੂਰ ਉਹਨਾਂ ਕਾਮਿਆਂ ਦਾ ਨਹੀਂ, ਕਸੂਰ ਭਾਰਤ ਸਰਕਾਰ ਦਾ ਹੈ, ਜੋ ਸਮਰੱਥ ਹੋ ਕੇ ਵੀ ਮਿਹਨਤਕਸ਼ ਕਾਮੇ ਲਈ ਦੋ ਵਕਤ ਦੀ ਚੱਜ ਦੀ ਰੋਟੀ ਦਾ ਜੁਗਾੜ ਕਰਨ ਤੋਂ ਜਾਣ-ਬੁੱਝ ਕੇ ਕੰਨੀ ਕਤਰਾ ਰਹੀ ਹੈ।

ਸ਼ਰਮ ਤਾਂ ਸਰਕਾਰ ਨੂੰ ਆਉਣੀ ਚਾਹੀਦੀ ਹੈ, ਏਥੋਂ ਦੇ ਹਾਕਮਾਂ ਨੂੰ ਆਉਣੀ ਚਾਹੀਦੀ ਹੈ ਕਿ ਇਸ ਦੇਸ਼ ਦੇ ਲੋਕ ਦੇਸ਼ ਵਿੱਚ ਰੁਜ਼ਗਾਰ ਹੋਣ ਦੇ ਬਾਵਜੂਦ ਜਾਂ ਬੇਰੁਜ਼ਗਾਰੀ ਦੇ ਮਾਰੇ ਮੁਲਕ ਛੱਡ ਕੇ ਬਾਹਰਲੇ ਮੁਲਕਾਂ ਤੇ ਨਿਰਭਰ ਹੋ ਕੇ ਰਹਿ ਗਏ ਹਨ। ਪਰ ਸਰਕਾਰ ਨੂੰ ਸ਼ਰਮ ਆਉਣੀ ਨਹੀਂ ਤੇ ਸਾਡੇ ਦੇਸ਼ ਦਾ ਕੀਮਤੀ ਸਰਮਾਇਆ, ਸਾਡੇ ਦੇਸ਼ ਦਾ ਕੀਮਤੀ ਹੁਨਰ ਬੇਗਾਨੇ ਦੇਸ਼ਾਂ ਵਿੱਚ ਲੱਗ ਰਿਹਾ ਹੈ ਤੇ ਸਾਡੇ ਦੇਸ਼ ਦੇ ਸਸਤੇ ਮਜ਼ਦੂਰ ਮਿਲ ਜਾਣ ਕਾਰਣ ਬੇਗਾਨੇ ਮੁਲਕ ਪੂਰੀ ਤਰਾਂ ਅਜਿਹੇ ਹੁਨਰਮੰਦ ਅਤੇ ਗੈਰ-ਹੁਨਰਮੰਦ ਕਾਮਿਆਂ ਨੂੰ ਗੁਲਾਮ ਬਣਾ ਕੇ ਜਿੱਲ੍ਹਤ ਵਾਲੀ ਜ਼ਿੰਦਗੀ ਜਿਊਣ ਨੂੰ ਮਜ਼ਬੂਰ ਕਰ ਰਹੇ ਹਨ।

ਭਾਰਤ ਵਿੱਚ ਵਿਕਸਿਤ ਮੁਲਕਾਂ ਦੇ ਲੋਕ ਸੈਰ ਸਪਾਟੇ ਲਈ ਆਉਂਦੇ ਹਨ, ਏਥੋਂ ਦੀਆਂ ਰਮਣੀਕ ਥਾਵਾਂ, ਧਾਰਮਿਕ ਥਾਵਾਂ, ਅਤੇ ਹੋਰ ਬਹੁਤ ਸਾਰੇ ਤਜਰਬੇ ਹਾਸਲ ਕਰਕੇ ਜਿੱਥੇ ਅਪਣੀ ਜਾਣਕਾਰੀ ਵਧਾਉਂਦੇ ਹਨ, ਓਥੇ ਭਾਰਤ ਦੀ ਆਰਥਿਕਤਾ ਨੂੰ ਵੀ ਮਾੜਾ ਮੋਟਾ ਹੁਲਾਰਾ ਦਿੰਦੇ ਹਨ। ਉਹ ਏਥੇ ਘੁੰਮਣ ਫਿਰਨ ਆਉਂਦੇ ਹਨ ਤੇ ਛੁੱਟੀਆਂ ਬਿਤਾ ਕੇ ਅਪਣੇ ਦੇਸ਼ਾਂ ਵਿੱਚ ਮੁੜ ਜਾਂਦੇ ਹਨ, ਜਿੱਥੇ ਜਾ ਕੇ ਉਹਨਾਂ ਨੇ ਮੁੜ ਕੰਮ ਤੇ ਜੁਟ ਜਾਣਾ ਹੁੰਦਾ ਹੈ ਤੇ ਅਪਣੇ ਦੇਸ਼ ਦੀ ਆਤਮਨਿਰਭਰਤਾ ਬਣਾਈ ਰੱਖਣ ਲਈ ਸਰੀਰਕ, ਜਾਂ ਕਿਸੇ ਵੀ ਤਰਾਂ ਦਾ ਕੰਮ ਕਰਨਾ ਹੁੰਦਾ ਹੈ। ਸਾਨੂੰ ਬਹੁਤ ਚੰਗਾ ਲੱਗਦਾ ਹੈ, ਜਦੋਂ ਕੋਈ ਗੋਰਾ, ਗੋਰੌਂ, ਅਫਰੀਕਨ ਜਾਂ ਕੋਈ ਹੋਰ ਲੋਕ ਆਕੇ ਸਾਡੇ ਮੁਲਕ ਦੀ ਸੈਰ ਕਰਦੇ ਹਨ। ਪਰ ਇਸ ਦੇ ਬਿਲਕੁਲ ਉਲਟ ਸਾਨੂੰ ਬੜੀ ਨਮੋਸ਼ੀ ਨਾਲ ਇਹ ਸੱਚ ਆਖਣਾ ਪੈਂਦਾ ਹੈ ਕਿ ਸਾਨੂੰ ਬੇਗਾਨੇ ਮੁਲਕਾਂ ਵਿੱਚ ਘੁੰਮਣ ਫਿਰਨ ਲਈ ਜਾਂ ਸੈਰ-ਸਪਾਟੇ ਲਈ ਨਹੀਂ ਜਾਣਾ ਪੈਂਦਾ। ਕਿੰਨਾ ਚੰਗਾ ਹੁੰਦਾ ਜੇ ਸਾਡੇ ਲੋਕ ਵੀ ਬਾਹਰ ਸੈਰ ਸਪਾਟੇ ਲਈ ਜਾਣ। ਪਰ ਸਾਨੂੰ ਮਜ਼ਬੂਰੀ ਵੱਸ ਬੇਗਾਨੇ ਮੁਲਕਾਂ ਦੇ ਮੁਥ੍ਹਾਜ ਹੋਣਾ ਪੈਂਦਾ ਹੈ, ਕਿਉਂਕਿ ਸਾਡੇ ਭਾਰਤ ਵਿੱਚ ਕਿਰਤ ਦੀ ਕਦਰ ਦੀ ਬਜਾਏ ਕਿਰਤ ਦੀ ਲੁੱਟ ਹੁੰਦੀ ਹੈ ਤੇ ਸੁਣਵਾਈ ਕਿੱਧਰੇ ਨਹੀਂ ਹੁੰਦੀ। ਏਥੋਂ ਬਹੁਤੇ ਕਿਰਤੀ ਵਰਗ ਨੂੰ ਏਸੇ ਲਈ ਪ੍ਰਵਾਸ ਕਰਨਾ ਪੈਂਦਾ ਹੈ ਕਿ ਉਹਨਾਂ ਦਾ ਭਵਿੱਖ ਏਥੇ ਸੁਰੱਖਿਅਤ ਨਹੀਂ ਹੈ। ਬੇਜ਼ਮੀਨੇ ਹੀ ਨਹੀਂ, ਹੁਣ ਤਾਂ ਜ਼ਿਮੀਂਦਾਰ ਤਬਕੇ ਦੇ ਲੋਕ ਵੀ ਆਰਥਕ ਮਜ਼ਬੂਤੀ ਲਈ ਅਰਬ ਦੇਸ਼ਾਂ ਵੱਲ੍ਹ ਮੂੰਹ ਕਰਨ ਲੱਗ ਪਏ ਹਨ।

ਜ਼ਿਆਦਾਤਰ ਅਰਬ ਦੇਸ਼ਾਂ ਵਿੱਚ ਪੰਜਾਬੀ ਲੋਕ ਹੀ ਗਏ ਹਨ। ਕਹਿਣ ਵਾਲੇ ਬਗੈਰ ਹਕੀਕਤਾਂ ਤੋਂ ਜਾਣੂੰ ਕਹਿ ਦਿੰਦੇ ਹਨ ਕਿ ਪੰਜਾਬ ਵਿੱਚ ਕੰਮ ਸੱਭਿਆਚਾਰ ਨਹੀਂ ਰਿਹਾ, ਪੰਜਾਬੀ ਲੋਕ ਕੰਮ ਕਰਕੇ ਖੁਸ਼ ਨਹੀਂ ਹਨ, ਇੱਥੇ ਯੂਪੀ, ਬਿਹਾਰ ਦੇ ਲੋਕ ਆ ਕੇ ਮਿਹਨਤ ਕਰਕੇ ਕਮਾਈ ਕਰ ਰਹੇ ਹਨ, ਫੈਕਟਰੀਆਂ ਵਿੱਚ ਅਤੇ ਉਸਾਰੀ ਕੰਮਾਂ ਵਿੱਚ ਵੀ ਬਿਹਾਰੀ ਮਜ਼ਦੂਰਾਂ ਦੀ ਸਰਦਾਰੀ ਹੈ ਆਦਿ-ਆਦਿ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਯੂਪੀ ਬਿਹਾਰ, ਉੱਤਰਾਖੰਡ ਆਦਿ ਸੂਬਿਆਂ ਦੇ ਪੱਛੜੇ ਇਲਾਕਿਆਂ ਦੇ ਲੋਕ ਪੰਜਾਬ ਆ ਕੇ ਮਿਹਨਤਾਂ ਕਰ ਕਰ ਕੇ ਖੁਸ਼ਹਾਲ ਜੀਵਨ ਜਿਊਣ ਦੇ ਕਾਬਲ ਹੋਏ ਹਨ। ਸਮਝਣ ਦਾ ਫਰਕ ਏਥੇ ਪੈਂਦਾ ਹੈ ਕਿ ਜਿਹੜੇ ਲੋਕ ਬਾਹਰੀ ਸੂਬਿਆਂ ਤੋਂ ਆ ਕੇ ਪੰਜਾਬ ਵਿੱਚ ਮਿਹਨਤ ਕਰਕੇ ਰੋਜ਼ੀ ਰੋਟੀ ਕਮਾ ਰਹੇ ਹਨ, ਉਹਨਾਂ ਦਾ ਪਿਛੋਕੜ ਕੀ ਹੈ, ਉਹ ਪੰਜਾਬੀਆਂ ਨਾਲੋਂ ਅਜੇ ਕਿੰਨੇ ਦਹਾਕੇ ਪਿੱਛੇ ਹਨ। ਇਹ ਲੋਕ ਜਿੱਥੋਂ ਉੱਠ ਕੇ ਪੰਜਾਬ ਵਿੱਚ ਮਿਹਨਤ ਕਰਕੇ ਖੁਸ਼ਹਾਲ ਹੋਏ ਹਨ, ਉਹਨਾਂ ਲਈ ਖੁਸ਼ਹਾਲੀ ਦਾ ਮਤਲਬ ਇਹ ਹੈ ਕਿ ਹੁਣ ਉਹ ਭੁੱਖੇ ਨਹੀਂ ਮਰਨਗੇ, ਤਿੰਨ ਟਾਇਮ ਰੋਟੀ ਵੀ ਮਿਲੇਗੀ ਤੇ ਠੀਕ ਠਾਕ ਪਹਿਨਣ ਖਾਣ ਵੀ ਹੋ ਜਾਵੇਗਾ ਤੇ ਬੱਚੇ ਵੀ ਸਕੂਲਾਂ ਵਿੱਚ ਪੜ੍ਹਾ ਲੈਣਗੇ। ਜਿਸ ਤਰਾਂ ਦੇ ਮਕਾਨਾਂ ਵਿੱਚ ਉਹ ਰਹਿ ਰਹੇ ਹਨ, ਉਸ ਤਰਾਂ ਦੇ ਮਕਾਨਾਂ (ਝੁੱਗੀ ਝੌਂਪੜੀ ਆਦਿ) ਤੋਂ ਅਪਣੀ ਜਗ੍ਹਾ ਖਰੀਦ ਕੇ ਮਕਾਨ ਪਾਉਣਾ, ਫਿਰ ਬਿਜਲੀ ਦਾ ਬਿੱਲ, ਪਾਣੀ ਦਾ ਬਿੱਲ, ਬੱਚਿਆਂ ਦੀ ਪੜ੍ਹਾਈ ਸਰਕਾਰੀ ਸਕੂਲਾਂ ਦੀ ਬਜਾਏ ਮਾਡਰਨ ਸਕੂਲਾਂ ਵਿੱਚ ਕਰਵਾਉਣ ਦੀ ਉਹਨਾਂ ਦੀ ਇੱਛਾ ਅਜੇ ਦੱਬੀ ਪਈ ਹੈ, ਕਿਉਂਕਿ ਉਹ ਅਜੇ ਖੁਦ ਨੂੰ ਪੈਰਾਂ ਸਿਰ ਕਰਨ ਦੇ ਆਹਰ ਲੱਗੇ ਹੋਏ ਹਨ। ਇਸ ਦੇ ਬਿਲਕੁਲ ਉਲਟ ਬਹੁਤੇ ਪੰਜਾਬੀ ਪੱਕੇ ਮਕਾਨਾਂ ਵਿੱਚ ਰਹਿਣ ਵਾਲੇ ਹਨ, ਬਿਜਲੀ ਦਾ ਬਿੱਲ ਭਰਦੇ ਹਨ, ਹਰ ਘਰ ਵਿੱਚ ਫਰਿੱਜ ਹੈ, ਕੂਲਰ ਹੈ, ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਹਨ, ਮਹਿੰਗੀਆਂ ਕਿਤਾਬਾਂ ਅਤੇ ਟਿਊਸ਼ਨਾਂ ਦਾ ਖਰਚ ਚੁੱਕਦੇ ਹਨ, ਸਕੂਟਰ, ਮੋਟਰ ਸਾਇਕਲ ਵਿੱਚ ਤੇਲ ਵੀ ਪਵਾਉਣਾ ਹੁੰਦਾ ਹੈ ਅਤੇ ਰਿਸ਼ਤੇਦਾਰੀ ਵਿੱਚ ਅੰਬ ਕੇਲੇ ਆਦਿ ਲੈ ਕੇ ਵੀ ਜਾਣਾ ਹੁੰਦਾ ਹੈ, ਮਰੇ ਜੰਮੇ ਦੇ ਭੋਗ ਜਾਂ ਖੁਸ਼ੀ ਤੇ ਵੀ ਜਾਣਾ ਹੁੰਦਾ ਹੈ, ਜਿਸ ਤੋਂ ਅਜੇ ਤੱਕ ਬਿਹਾਰੀ ਕਾਮੇ ਬਚੇ ਹੋਏ ਹਨ ਤੇ ਉਹ ਜਿੰਨਾ ਕੁ ਕਮਾਉਂਦੇ ਹਨ ਉਹਨਾਂ ਦੇ ਗੁਜ਼ਾਰੇ ਲਈ ਉਹਨਾਂ ਦੇ ਹਿਸਾਬ ਨਾਲ ਠੀਕ ਠੀਕ ਹੈ, ਪਰ ਪੰਜਾਬੀ ਏਨੀ ਕਮਾਈ ਨਾਲ ਕਬੀਲਦਾਰੀ ਨਹੀਂ ਨਜਿੱਠ ਸਕਦੇ, ਸਿਰਫ ਤੋਰੀ ਫੁਲਕਾ ਹੀ ਤੋਰ ਸਕਦੇ ਨੇ ਤੇ ਉਹ ਵੀ ਕੰਜੂਸੀ ਕਰਕੇ ਹੀ ਤੋਰ ਸਕਦੇ ਨੇ। ਅਜਿਹਾ ਨਹੀਂ ਹੈ ਕਿ ਬਿਹਾਰੀ ਕਾਮੇ ਬੰਦੇ ਨਹੀਂ ਹਨ, ਪਰ ਉਹਨਾਂ ਦੀਆਂ ਜ਼ਰੂਰਤਾਂ ਅਜੇ ਸੀਮਿਤ ਹਨ। ਦਸ-ਪੰਜਾਹ ਸਾਲ ਨੂੰ ਉਹ ਵੀ ਮਿਹਨਤਾਂ ਕਰਕੇ ਕੰਜੂਸੀਆਂ ਕਰਕੇ ਪੰਜਾਬੀਆਂ ਦੇ ਬਰਾਬਰ ਹੋ ਜਾਣਗੇ, ਫਿਰ ਉਹਨਾਂ ਦਾ ਵੀ ਦਿਲ ਕਰੇਗਾ ਕਿ ਉਹ ਵਿਆਹ ਮੰਗਣੇ ਦੇ ਚਾਅ ਕਰਨ, ਘਰੇ ਏ ਸੀ ਲੱਗਿਆ ਹੋਵੇ ਆਦਿ ਆਦਿ। ਪਰ ਉਹਨਾਂ ਦੀ ਇਹ ਇੱਛਾ ਅਜੇ ਪੂਰਤੀ ਦੇ ਨੇੜੇ ਤੇੜੇ ਨਾ ਹੋਣ ਕਾਰਣ ਏਸ ਪਾਸੇ ਤੋਂ ਧਿਆਨ ਪਾਸੇ ਹੈ, ਪਰ ਪੰਜਾਬ ਦੇ ਲੋਕ ਉਹਨਾਂ ਬਰਾਬਰ ਜਾਂ ਉਹਨਾਂ ਨਾਲੋਂ ਵੀ ਵੱਧ ਮਿਹਨਤ ਕਰਕੇ ਗੁਜ਼ਾਰਾ ਨਹੀਂ ਕਰ ਸਕਦੇ। ਪੰਜਾਬੀ ਜਾਣ ਗਏ ਹਨ ਕਿ ਏਥੇ ਮਿਹਨਤ ਕੀਤਿਆਂ ਗੁਜ਼ਾਰਾ ਨਹੀਂ। ਸਕੂਲਾਂ ਦੇ ਬੱਚਿਆਂ ਦੇ ਕਾਗਜ਼ ਬਣਾਉਣ, ਰਾਸ਼ਨਕਾਰਡ ਆਦਿ ਅਤੇ ਹੋਰ ਅਜਿਹੇ ਫਾਰਮੈਲਿਟੀ ਵਾਲੇ ਦਫਤਰੀ ਕੰਮ, ਬੱਚੇ ਦਾ ਜਨਮ ਸਰਟੀਫਿਕੇਟ ਵਿੱਚ ਨਾਮ ਦਰਜ ਕਰਵਾਉਣਾ ਜਾਂ ਜਨਮ ਤਰੀਕ ਸਹੀ ਕਰਵਾਉਣੀ ਉਹਨਾਂ ਦੇ ਏਨੇ ਕੁ ਪੈਸੇ ਆਰਾਮ ਨਾਲ ਲਵਾ ਦਿੰਦੇ ਨੇ ਜਿੰਨੇ ਕੁ ਇੱਕ ਬਿਹਾਰੀ ਮਜ਼ਦੂਰ ਪੰਜਾਬ ਵਿੱਚ ਵੱਧ ਤੋਂ ਵੱਧ ਕਮਾ ਸਕਣ ਦੀ ਹੈਸੀਅਤ ਰੱਖਦਾ ਹੈ। ਫੇਰ ਪੰਜਾਬੀ ਲੋਕਾਂ ਦਾ ਏਥੇ ਗੁਜ਼ਾਰਾ ਕਿਵੇਂ ਹੋ ਸਕਦਾ ਹੈ?

ਉਹਨਾਂ ਨੂੰ ਮਜ਼ਬੂਰਨ ਅਪਣੀ ਮੌਜੂਦਾ ਆਰਥਿਕਤਾ ਨੂੰ ਕਾਇਮ ਰੱਖਣ ਲਈ ਜਾਂ ਇਸ ਵਿੱਚ ਨਿਗੂਣਾ ਵਾਧਾ ਕਰਨ ਲਈ ਬਾਹਰਲੇ ਮੁਲਕਾਂ ਵਿੱਚ ਜਾਣਾ ਹੀ ਪੈਂਦਾ ਹੈ। ਜਿਹਨਾਂ ਦੇ ਏਧਰ ਕੱਚੇ ਮਕਾਨ ਹਨ, ਉਹ ਸਾਰੀ ਜ਼ਿੰਦਗੀ ਕੰਜੂਸੀ ਨਾਲ ਕੱਢ ਕੇ ਪਾਈ ਪਾਈ ਜੋੜ ਕੇ ਵੀ ਅਪਣਾ ਪੱਕਾ ਮਕਾਨ ਨਹੀਂ ਪਾ ਸਕਦਾ। ਉਹ ਚਾਰ ਪੈਸੇ ਕਰਜ਼ੇ ਵਜੋਂ ਚੁੱਕ ਕੇ ਬਾਹਰ ਨਾ ਜਾਵੇ ਤਾਂ ਹੋਰ ਕਰੇ ਵੀ ਕੀ। ਅੱਜ ਜਿਹੜੇ ਪੰਜਾਬੀ ਇਰਾਕ ਵਿੱਚ ਫਸੇ ਹੋਏ ਹਨ ਤੇ ਹੋ ਸਕਦਾ ਹੈ ਕਿ ਦੋ-ਚਾਰ ਦਿਨਾਂ ਤੱਕ ਛੁੱਟ ਵੀ ਜਾਣ, ਉਹ ਇਰਾਕ ਵਿੱਚੋਂ ਜੇ ਜਾਨ ਬਚਾ ਕੇ ਭਾਰਤ ਪੁੱਜ ਵੀ ਜਾਂਦੇ ਹਨ, ਤਦ ਵੀ ਉਹਨਾਂ ਨੂੰ ਦੋਹਰੀ ਮਾਰ ਝੱਲਣੀ ਹੀ ਪੈਣੀ ਹੈ। ਕਿਉਂਕਿ ਇਰਾਕ ਵਿੱਚ ਉਹਨਾਂ ਦੀ ਜਾਨ ਨੂੰ ਖਤਰਾ ਹੈ ਤੇ ਭਾਰਤ ਵਿੱਚ ਉਹਨਾਂ ਦੇ ਭਵਿੱਖ ਨੂੰ ਖਤਰਾ ਹੈ। ਭਾਰਤ ਪਰਤ ਕੇ ਦੋ ਚਾਰ ਮਹੀਨਿਆਂ ਬਾਅਦ ਉਹ ਮਾਨਸਿਕ ਤੋਰ ਤੇ ਮੁੜ ਇਸੇ ਸਥਿਤੀ ਵਿੱਚ ਪੁੱਜ ਜਾਣਗੇ ਤੇ ਮੁੜ ਏਜੰਟਾਂ ਦੇ ਚੱਕਰ ਲਾਉਣ ਲੱਗ ਜਾਣਗੇ, ਕਿਉਂਕਿ ਭਾਰਤ ਸਰਕਾਰ ਦੀ ਉਹਨਾਂ ਪ੍ਰਤੀ ਫੌਕੀ ਹਮਦਰਦੀ ਕਿਸੇ ਕੰਮ ਦੀ ਨਹੀਂ। ਜਦੋਂ ਕਿ ਇਹ ਸਰਕਾਰ ਦਾ ਫਰਜ਼ ਬਣਦਾ ਹੈ ਕਿ ਹੁਨਰਮੰਦ ਕਾਮਿਆਂ ਨੂੰ ਰੋਜ਼ਗਾਰ ਦੇਕੇ ਉਹਨਾਂ ਦੇ ਹੁਨਰ ਦਾ ਫਾਇਦਾ ਲਿਆ ਜਾਵੇ ਤੇ ਗੈਰ ਹੁਨਰਮੰਦ ਕਾਮਿਆਂ ਨੂੰ ਹੁਨਰ ਸਿਖਾ ਕੇ ਦੇਸ਼ ਦੀ ਤਰੱਕੀ ਵਿੱਚ ਵਾਧਾ ਅਤੇ ਆਰਥਿਕਤਾ ਨੂੰ ਮਜ਼ਬੂਤ ਕੀਤਾ ਜਾਵੇ। ਪਰ ਭਾਰਤ ਸਰਕਾਰ ਕਦੇ ਵੀ ਅਜਿਹਾ ਨਹੀਂ ਕਰੇਗੀ ਅਗਰ ਅਜਿਹਾ ਕਰਦੀ ਹੈ ਤਾਂ ਦੇਸ਼ ਦੀ ਸੀਮਿਤ ਪੂੰਜੀ ਵਿੱਚੋਂ ਕੁੱਝ ਹਿੱਸਾ ਇਹਨਾਂ ਕਾਮਿਆਂ ਵਾਸਤੇ ਵੀ ਕੱਢਣਾ ਪਵੇਗਾ ਤੇ ਇਹ ਕਾਮੇ 70-80 ਨਹੀਂ, ਸੱਤਰ ਅੱਸੀ ਹਜ਼ਾਰ ਵੀ ਨਹੀਂ 40 ਕਰੋੜ ਤੋਂ ਉੱਤੇ ਹਨ। ਤੇ ਏਨੇ ਲੋਕਾਂ ਵਿੱਚ ਬਰਾਬਰ ਮਜ਼ਦੂਰੀ ਦੇ ਕੇ ਬਰਾਬਰ ਮਿਹਨਤਾਨਾ ਦੇ ਕੇ ਲੁਟੇਰੇ ਪ੍ਰਬੰਧ ਦੇ ਲੰਬੜਦਾਰਾਂ ਦੇ ਹਵਾਈ ਝੂਟਿਆਂ ਦੀ ਗਿਣਤੀ ਘਟ ਜਾਣੀ ਹੈ, ਉਹਨਾਂ ਦੇ ਕੁੱਤਿਆਂ ਦੇ ਬਰਾਂਡਿਡ ਬਿਸਕੁੱਟਾਂ ਦੀ ਡਿਮਾਂਡ ਪੂਰੀ ਨਹੀਂ ਹੋਣੀ।

ਇਸ ਵਾਰ ਵੀ ਸਰਕਾਰ ਖਾਨਾਪੂਰਤੀ ਜਿਹੀ ਕਰਕੇ, ਫੌਕੀ ਹਮਦਰਦੀ ਜਤਾ ਕੇ ਮੁੜ ਦੇਸ਼ ਦੀ ਜਨਤਾ ਨੂੰ ਅੰਨ੍ਹੇ ਖੂਹ ਵਿੱਚ ਸੁੱਟ ਕੇ ਅਦਾਨੀ, ਅੰਬਾਨੀ ਜਿਹੇ ਸਰਮਾਏਦਾਰਾਂ ਦੀ ਚਾਕਰੀ ਕਰਨ ਵਿੱਚ ਰੁੱਝ ਜਾਵੇਗੀ ਤੇ ਲੋਕ ਮਾਰੂ ਨੀਤੀਆਂ ਬਣਾਉਣ ਲਈ ਅਪਣਾ ਅਤੇ ਦੇਸ਼ ਦਾ ਕੀਮਤੀ ਸਮਾਂ ਨਸ਼ਟ ਕਰੇਗੀ।

ਲੋਕਾਂ ਨੂੰ ਅਪਣਾ ਭਵਿੱਖ ਆਪ ਤਲਾਸ਼ਣਾ ਪਵੇਗਾ ਤੇ ਏਧਰ ਓਧਰ ਬੇਗਾਨੇ ਮੁਲਕਾਂ ਵਿੱਚ ਭਟਕਣ ਦੀ ਬਜਾਏ ਅਪਣੇ ਹੀ ਮੁਲਕ ਵਿੱਚ ਮੁਢਲੇ ਅਧਿਕਾਰਾਂ ਦੀ ਰਾਖੀ ਲਈ ਜਾਤ, ਕੌਮ, ਧਰਮ, ਇਲਾਕਾ, ਪਾਰਟੀਬਾਜ਼ੀ ਤੋਂ ਉੱਤੇ ਉੱਠ ਕੇ ਏਕੇ ਦਾ ਸਬੂਤ ਦਿੰਦੇ ਹੋਏ ਸੰਘਰਸ਼ ਦਾ ਰਾਹ ਅਪਣਾਉਣਾ ਪਵੇਗਾ। ਇਸ ਤੋਂ ਬਗੈਰ ਸਭ ਵਕਤੀ ਰਾਹਤਾਂ ਹਨ, ਜੋ ਲੁਟੇਰੇ ਪ੍ਰਬੰਧ ਨੂੰ ਮਜ਼ਬੂਤ ਕਰਨ ਵਿੱਚ ਸਹਾਈ ਹੋ ਰਹੀਆਂ ਹਨ।

## ਵੱਧ ਰਹੀਆਂ ਹਨ ਦਲਿਤ ਸਮਾਜ ਦੀਆਂ ਸਮੱਸਿਆਵਾਂ

ਭਾਰਤ ਦੀ ਆਜ਼ਾਦੀ ਦੇ 65 ਸਾਲਾਂ ਦਰਮਿਆਨ ਦਲਿਤਾਂ ਦੇ ਕਲਿਆਣ ਲਈ ਵੱਡੇ ਵੱਡੇ ਦਾਅਵੇ ਕੀਤੇ ਗਏ ਅਤੇ ਵੱਡੇ ਵੱਡੇ ਵਾਅਦੇ ਕੀਤੇ ਗਏ ਪਰ ਅੱਜ ਜੇਕਰ ਸਾਰੇ ਭਾਰਤ ਵਿਚ ਵੱਸਦੇ ਦਲਿਤ ਭਾਈਚਾਰੇ ਵੱਲ ਝਾਤ ਮਾਰੀਏ ਤਾਂ ਸਰਕਾਰਾਂ ਦੀਆਂ ਯੋਜਨਾਵਾਂ ਦਾ ਸਿਰਫ ਚੋਣਵੇਂ ਲੋਕਾਂ ਨੂੰ ਹੀ ਫਾਇਦਾ ਮਿਲਿਆ ਹੈ, ਆਮ ਦਲਿਤ ਸਮਾਜ ਅੱਜ ਵੀ ਉਥੇ ਹੀ ਖੜ੍ਹਾ ਨਜ਼ਰ ਆਉਂਦਾ ਹੈ। ਭਾਰਤ ਦੇ ਉਤਰ ਪ੍ਰਦੇਸ਼, ਹਰਿਆਣਾ, ਬਿਹਾਰ ਵਰਗੇ ਸੂਬਿਆਂ ਤਾਂ ਦਲਿਤਾਂ ਦੀ ਹਾਲਤ ਹੋਰ ਵੀ ਜ਼ਿਆਦਾ ਮਾੜੀ ਹੈ। ਇਹਨਾਂ ਸੂਬਿਆਂ ਵਿਚ ਦਲਿਤਾਂ ਨੇ ਰਾਜਨੀਤਿਕ ਪੱਖੋਂ ਵੀ ਮਾਅਰਕੇ ਮਾਰੇ ਹਨ ਪਰ ਇਸ ਦੇ ਬਾਵਜੂਦ ਦਲਿਤ ਭਾਈਚਾਰੇ ਦੀ ਹਾਲਤ ਨਹੀਂ ਸੁਧਰ ਰਹੀ।

ਇੱਧਰ ਪੰਜਾਬ ਵਿਚ ਦਲਿਤ ਭਾਈਚਾਰੇ ਦੇ ਲਈ ਸਰਕਾਰਾਂ ਨੇ ਸਸਤਾ ਆਟਾ-ਦਾਲ ਅਤੇ ਹੋਰ ਸਕੀਮਾਂ ਸ਼ੁਰੂ ਕੀਤੀਆਂ, ਪਰ ਇਹ ਸਕੀਮਾਂ ਦਲਿਤਾਂ ਨੂੰ ਰੁਜ਼ਗਾਰ ਦੇਣ ਵਾਲੀਆਂ ਨਹੀਂ ਬਲਕਿ ਦਲਿਤ ਭਾਈਚਾਰੇ ਨੂੰ ਭਰਮਾਅ ਕੇ ਉਹਨਾਂ ਦੀ ਵੋਟ ਬਟੋਰਨ ਵਾਲੀਆਂ ਹਨ। ਭਾਰਤ ਵਿਚ ਰਿਜ਼ਰਵੇਸ਼ਨ ਨੂੰ ਲਾਗੂ ਹੋਇਆਂ ਵੀ 64 ਸਾਲਾਂ ਦਾ ਸਮਾਂ ਹੋ ਗਿਆ ਹੈ, ਪਰ ਰਿਜ਼ਰਵੇਸ਼ਨ ਦਾ ਲਾਭ ਜ਼ਿਆਦਾਤਰ ਪੜ੍ਹਿਆ-ਲਿਖਿਆ ਵਰਗ ਲੈ ਰਿਹਾ ਹੈ। ਗਰੀਬ ਦਲਿਤ ਮਜ਼ਦੂਰ ਅੱਜ ਵੀ ਉਥੇ ਹੀ ਖੜ੍ਹੇ ਹਨ, ਜਿੱਥੇ ਅੱਧੀ ਸਦੀ ਪਹਿਲਾਂ ਸਨ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਦਲਿਤ ਭਾਈਚਾਰੇ ਦੇ ਕੋਲ ਨਾ ਤਾਂ ਵਧੀਆ ਸਿੱਖਿਆ ਹੈ ਅਤੇ ਨਾ ਹੀ ਸਰਮਾਇਆ। ਗਰੀਬ ਲੋਕੀ ਮਜ਼ਦੂਰੀ ਕਰਦੇ ਹਨ ਜਾਂ ਫਿਰ ਛੋਟੇ-ਮੋਟੇ ਕੰਮ ਧੰਦੇ ਕਰਦੇ ਹਨ। ਪਿੰਡਾਂ ਵਿਚ ਰਹਿਣ ਵਾਲੇ ਦਲਿਤ ਭਾਈਚਾਰੇ ਦੇ ਲੋਕਾਂ ਨੂੰ ਉਚ ਜਾਤੀਆਂ ਹੱਥੋਂ ਬਹੁਤ ਦੁਸ਼ਵਾਰ ਹੋਣਾ ਪੈਂਦਾ ਹੈ।

ਕਿਸੇ ਵੀ ਝਗੜੇ ਦੀ ਸੂਰਤ ਵਿਚ ਉਚ ਜਾਤੀਆਂ ਦਲਿਤ ਭਾਈਚਾਰੇ ਦਾ ਬਾਈਕਾਟ ਤੱਕ ਕਰ ਦਿੰਦੀਆਂ ਹਨ। ਪੰਜਾਬ ਵਿਚ ਹਾਲ ਹੀ ਵਿਚ ਬੌਪੁਰ ਕਾਂਡ ਸਮੇਤ ਕਈ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਿਹਨਾਂ ਨੂੰ ਦੇਖਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਦਲਿਤ ਭਾਈਚਾਰੇ ਨੂੰ ਉਹਨਾਂ ਦੇ ਹੱਕ ਲੈਣ ਤੋਂ ਅੱਜ ਵੀ ਵਾਂਝਾ ਕਰਨ ਵਾਲੇ ਇੱਕਜੁਟ ਹਨ। ਭਾਰਤ ਵਿਚ ਜਾਤੀ ਪ੍ਰਥਾ ਉਸੇ ਤਰ੍ਹਾਂ ਕਾਇਮ ਹੈ ਅਤੇ ਦਲਿਤਾਂ ਦਾ ਸ਼ੋਸ਼ਣ ਵੀ ਇਸ ਜਾਤੀ ਪ੍ਰਥਾ ਦੀ ਹੀ ਦੇਣ ਹੈ, ਜੋ ਨਿਰੰਤਰ ਜਾਰੀ ਹੈ।

ਸਮਾਜਿਕ ਬਾਈਕਾਟ ਇਕ ਅਜਿਹੀ ਮੁਸ਼ਕਿਲ ਹੈ, ਜਿਸ ਦੇ ਕਾਰਨ ਦਲਿਤ ਭਾਈਚਾਰਾ ਸਮੱਸਿਆਵਾਂ ਵਿਚ ਫਸਦਾ ਹੈ। ਦਲਿਤ ਨੌਜਵਾਨਾਂ ਨੂੰ ਸਮਾਜਿਕ ਬਾਈਕਾਟ ਦੇ ਕਾਰਨ ਰੁਜ਼ਗਾਰ ਆਦਿ ਨਹੀਂ ਮਿਲਦਾ ਅਤੇ ਜੀਵਨ ਲਈ ਜ਼ਰੂਰੀ ਵਸਤਾਂ ਤੋਂ ਵਾਂਝਾ ਹੋਣਾ ਪੈਂਦਾ ਹੈ। ਇਸ ਦੇ ਕਾਰਨ ਦਲਿਤ ਭਾਈਚਾਰਾ ਝੰਜੋੜਿਆ ਜਾਂਦਾ ਹੈ ਅਤੇ ਕੋਈ ਰਸਤਾ ਨਾ ਦੇਖ ਕੇ ਆਪਣਾ ਘਰ ਛੱਡਣ ਲਈ ਮਜਬੂਰ ਹੋ ਜਾਂਦਾ ਹੈ। ਜਾਤੀਵਾਦੀ ਤਣਾਅ ਦੇ ਕਾਰਨ ਸਥਿਤੀ ਹੋਰ ਵੀ ਜ਼ਿਆਦਾ ਭਿਆਨਕ ਹੋ ਜਾਂਦੀ ਹੈ।

ਕੀ ਇਹਨਾਂ ਮੁਸ਼ਕਿਲਾਂ ਵਿਚੋਂ ਦਲਿਤਾਂ ਨੂੰ ਕੱਢਣ ਲਈ ਕੋਈ ਸਰਕਾਰ ਕੁਝ ਕਰਦੀ ਹੈ। ਪਿਛਲੇ 65 ਸਾਲਾਂ ਦਾ ਇਤਿਹਾਸ ਗਵਾਹ ਹੈ ਕਿ ਦਲਿਤ ਭਾਈਚਾਰੇ ਨੂੰ ਆਸ਼ਰਿਤ ਬਣਾਉਣ ਲਈ ਤਾਂ ਸਰਕਾਰਾਂ ਨੇ ਕੁਝ ਕੀਤਾ ਹੈ, ਪਰ ਦਲਿਤਾਂ ਨੂੰ ਸਵੈ-ਨਿਰਭਰ ਅਤੇ ਰੁਜ਼ਗਾਰ ਮੁਹੱਈਆ ਕਰਵਾ ਕੇ ਆਰਥਿਕ ਪੱਖੋਂ ਮਜ਼ਬੂਤ ਬਣਾਉਣ ਲਈ ਕੋਈ ਅਜਿਹੀ ਯੋਜਨਾ ਨਜ਼ਰ ਨਹੀਂ ਆਉਂਦੀ, ਜੋ ਇਮਾਨਦਾਰੀ ਨਾਲ ਕੰਮ ਕਰਦੀ ਹੋਵੇ। ਭਾਰਤ ਵਿਚ ਬਾਕੀ ਭਾਈਚਾਰਿਆਂ ਦੇ ਤੁਸ਼ਟੀਕਰਨ ਦੀ ਨੀਤੀ ਵਾਂਗ ਦਲਿਤਾਂ ਦੇ ਤੁਸ਼ਟੀਕਰਨ ਵੱਲ ਧਿਆਨ ਨਹੀਂ ਦਿੱਤਾ ਜਾਂਦਾ, ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਦਲਿਤ ਭਾਈਚਾਰੇ ਦੇ ਜ਼ਿਆਦਾਤਰ ਲੋਕੀ, ਖਾਸ ਕਰਕੇ ਦਿਹਾਤੀ ਖੇਤਰਾਂ ਵਿਚ ਰਹਿਣ ਵਾਲੇ ਪਛੜੇਵੇਂ ਵਿਚ ਹੀ ਜਿਉਂ ਰਹੇ ਹਨ। ਇਹਨਾਂ ਮੁਸ਼ਕਿਲਾਂ ਵਿਚੋਂ ਨਿਕਲਣ ਲਈ ਦਲਿਤ ਭਾਈਚਾਰੇ ਨੂੰ ਪਹਿਲਾਂ ਗਰੀਬੀ ਵਿਚੋਂ ਨਿਕਲਣਾ ਹੋਵੇਗਾ ਪਰ ਭਾਰਤੀ ਸਮਾਜਿਕ ਸਿਸਟਮ ਦੇ ਤਾਣੇ-ਬਾਣੇ ਅਤੇ ਤੰਦੂਆ ਜਾਲ ਦੇ ਕਾਰਨ ਦਲਿਤ ਭਾਈਚਾਰੇ ਨੂੰ ਰਾਹ ਨਜ਼ਰ ਨਹੀਂ ਆਉਂਦਾ।

- ਤਰਸੇਮ ਜਲੰਧਰੀ

# ਪੰਜਾਬ ਸਰਕਾਰ ਵਲੋਂ ਨਿਵੇਸ਼ ਨੂੰ ਹੋਰ ਸੁਖਾਲਾ ਕਰਨ ਤੇ ਨਿਵੇਸ਼ਕਾਂ ਨੂੰ ਰਿਆਇਤਾਂ ਦੇਣਾਂ ਵਿਚਾਰ ਅਧੀਨ-ਸੁਖਬੀਰ ਬਾਦਲ

ਨਵੀਂ ਦਿੱਲੀ/ਚੰਡੀਗੜ੍ਹ, 2 ਜੁਲਾਈ-ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਪੰਜਾਬ ਵਿਚ ਨਿਵੇਸ਼ ਪ੍ਰਕ੍ਰਿਆ ਨੂੰ ਹੋਰ ਸੁਖਾਲਾ ਕਰਨ ਅਤੇ ਨਿਵੇਸ਼ਕਾਂ ਨੂੰ ਉਤਸ਼ਾਹਿਤ ਕਰਨ ਲਈ ਹੋਰ ਰਿਆਇਤਾਂ ਦੇਣ ਦੀ ਤਜ਼ਵੀਜ਼ ਨੂੰ ਹਰੀ ਝੰਡੀ ਦੇ ਦਿੱਤੀ ਹੈ। ਸੂਬੇ ਵਿਚ ਨਿਵੇਸ਼ ਪ੍ਰੋਤਸਾਹਨ ਸਬੰਧੀ ਇਕ ਉੱਚ ਪੱਧਰੀ ਮੀ-ਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਬਾਦਲ ਨੇ ਕਿਹਾ ਕਿ ਨਿਵੇਸ਼ ਲਈ ਸੁਧਾਰਾਂ ਅਤੇ ਰਿਆਇਤਾਂ ਦੇਣ ਸਬੰਧੀ ਮੁੱਢਲੀ ਕਾਰਵਾਈ ਮੁਕੰਮਲ ਕਰ ਲਈ ਗਈ ਹੈ ਅਤੇ ਇਸਨੂੰ ਕੈਬਨਿਟ ਅੱਗੇ ਮਨਜ਼ੂਰੀ ਦੇਣ ਤੋਂ ਪਹਿਲਾਂ ਤਜ਼ਵੀਜ਼ ਨੂੰ ਉਚ ਪੱਧਰ 'ਤੇ ਘੋਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਨਿਵੇਸ਼ਕਾਂ ਕੋਲੋਂ ਇਕੱਤਰ ਕੀਤੀ ਫੀਡਬੈਕ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਦਮੀਆਂ ਵਲੋਂ ਪ੍ਰਾਜੈਕਟ ਸਥਾਪਤੀ ਦੀ ਯੋਗਤਾ ਸਮੇਂ 'ਚ ਵਾਧਾ ਕਰਨ, ਚਾਲੂ ਯੂਨਿਟਾਂ ਦੇ ਵਿਸਥਾਰ ਲਈ ਰਿਆਇਤਾਂ, ਪੀ. ਐਸ. ਆਈ. ਈ. ਸੀ. ਜਾਂ ਸਰਕਾਰ ਕੋਲੋਂ ਜ਼ਮੀਨ ਖਰੀਦਣ ਵੇਲੇ ਸਟੈਂਪ ਡਿਊਟੀ ਵਿਚ ਰਿਆਇਤ ਦੇਣ ਦੀ ਮੰਗ ਪ੍ਰਮੁੱਖਤਾ ਨਾਲ ਉਠਾਈ ਗਈ ਹੈ, ਜਿਸ ਸਬੰਧੀ ਪੰਜਾਬ ਸਰਕਾਰ ਵਲੋਂ ਤੇਜੀ ਨਾਲ ਕੰਮ ਕੀਤਾ ਜਾ ਰਿਹਾ ਹੈ। ਲੋਹਾ ਤੇ ਸਟੀਲ ਉਦਯੋਗ ਨੂੰ ਨਾਂਹ-ਪੱਖੀ (ਨੈਗੇਟਿਵ) ਸੂਚੀ ਵਿਚੋਂ ਬਾਹਰ ਕੱਢਣ ਬਾਰੇ ਉਪ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਬੰਧੀ ਵਿਚਾਰ ਚਰਚਾ ਜਾਰੀ ਹੈ ਅਤੇ ਸਾਰੀਆਂ ਧਿਰਾਂ ਦੇ ਹਿੱਤ ਸੁਰੱਖਿਅਤ ਰੱਖਕੇ ਮਸਲੇ ਦਾ ਸਰਬ ਪ੍ਰਵਾਨਿਤ ਹੱਲ ਜਲਦ ਕੱਢਿਆ ਜਾਵੇਗਾ।

ਸਿਹਤ ਤੇ ਬਾਇਓਸਾਇੰਸਜ਼ ਖੇਤਰ ਵਿਚ ਨਿਵੇਸ਼ ਬਾਰੇ ਸ. ਬਾਦਲ ਨੇ ਕਿਹਾ ਕਿ ਮੁਹਾਲੀ ਅਤੇ ਬੱਦੀ ਦੁਆਲੇ ਸਥਾਪਤ ਮੈਡੀਕਲ ਇਕਾਈਆਂ ਨੂੰ ਦੇਖਦਿਆਂ ਦਵਾਈਆਂ ਅਤੇ ਮੈਡੀਕਲ ਤਕਨੀਕ ਉਤੇ ਅਧਾਰਿਤ ਨਿਵੇਸ਼ ਵੱਲ ਵਧੇਰੇ ਧਿਆਨ ਦਿੱਤਾ ਜਾ ਰਿਹਾ ਹੈ। ਸ. ਬਾਦਲ ਨੇ ਨਾਲ ਹੀ ਕਿਹਾ ਕਿ ਗਲੈਕਸੋ ਸਮਿਥਕਲਾਇਨ ਤੇ ਕੋਕਾ ਕੋਲਾ ਵੱਲੋਂ ਪੰਜਾਬ ਵਿਚ ਆਪਣੇ ਯੂਨਿਟ ਸਥਾਪਿਤ ਕਰਨ ਲਈ ਪ੍ਰਸਤਾਵ ਪੇਸ਼ ਕੀਤੇ ਗਏ ਹਨ ਅਤੇ ਇਸ ਸਬੰਧੀ ਕੰਪਨੀਆਂ ਦੇ ਭਾਰਤ ਸਥਿਤ ਪ੍ਰਤੀਨਿਧੀਆਂ ਨਾਲ ਮੁੱਢਲੀਆਂ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਕੰਪਨੀਆਂ ਦੇ ਮਾਹਿਰਾਂ ਵਲੋਂ ਪ੍ਰਸਤਾਵਿਤ ਥਾਵਾਂ ਦਾ ਜਲਦ ਦੌਰਾ ਕੀਤਾ ਜਾ ਰਿਹਾ ਹੈ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਅਤੇ ਬੁੱਧ ਜਯੰਤੀ ਮਨਾਈ






ਫਗਵਾੜਾ- ਗੁਰੂ ਰਵਿਦਾਸ ਮਿਸ਼ਨ ਹਸਪਤਾਲ ਪਲਾਹੀ ਰੋਡ ਫਗਵਾੜਾ ਵਿਖੇ ਟਰੱਸਟ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਕਾਰਜਕਰਤਾਵਾਂ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਅਤੇ ਬੁੱਧ ਜਯੰਤੀ ਮਨਾਈ ਗਈ। ਇਸ ਮੌਕੇ ਹਾਜ਼ਰੀਨ ਵਲੋਂ ਬਾਬਾ ਸਾਹਿਬ ਅਤੇ ਮਹਾਤਮਾ ਬੁੱਧ ਦੀਆਂ ਤਸਵੀਰਾਂ ਤੇ ਫੁੱਲ ਮਾਲਾਵਾਂ ਭੇਂਟ ਕੀਤੀਆਂ ਗਈਆਂ। ਇਸ ਸਮਾਗਮ ਵਿਚ ਅਹੁਦੇਦਾਰਾਂ ਵਲੋਂ ਦੋਵਾਂ ਰਹਿਬਰਾਂ ਦੇ ਜੀਵਨ ਦੀਆਂ ਮਾਨਵਤਾਵਾਦੀ ਘਾਲਣਾਵਾਂ ਤੇ ਚਾਨਣਾ ਪਾਇਆ ਗਿਆ। ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਸਮਾਜ ਪ੍ਰਤੀ ਆਪਣੀਆਂ ਜਿਮੇਂਵਾਰੀਆਂ ਨਿਭਾਉਣ ਦੀਆਂ ਸੰਜੀਦਾ ਵਿਚਾਰਾਂ ਹੋਈਆਂ। ਟਰੱਸਟ ਵਲੋਂ ਹਰ ਸਾਲ ਕਰਵਾਈ ਜਾਂਦੀ ਪੁਸਤਕ ਪ੍ਰਤੀਯੋਗਤਾ ਲਈ ਇਸ ਵਾਰ ਦੀ 7 ਸਤੰਬਰ 2014 ਨੂੰ ਹੋਣ ਵਾਲੀ 7ਵੀਂ ਪ੍ਰਤੀਯੋਗਤਾ ਲਈ ਸਮਾਜਿਕ ਚਿੰਤਕ ਸੋਹਣ ਸਹਿਜਲ ਦੁਆਰਾ ਰਚਿਤ ਅਤੇ ਦਲਿਤ ਸਮਾਜ ਦੀਆਂ ਦੋ ਜੁਝਾਰੂ ਹਸਤੀਆਂ ਚਰਨ ਦਾਸ ਨਿਧੜਕ ਅਤੇ ਸ਼ੰਕਰ ਦਾਸ ਨੂੰ ਕੀਤੀ ਪੁਸਤਕ '' ਦ ਗਰੇਟੈਸਟ ਇੰਡੀਅਨ ਬਾਬਾ ਸਾਹਿਬ ਅੰਬੇਦਕਰ'' ਵੀ ਜਾਰੀ ਕੀਤੀ ਗਈ। ਦਲਿਤ ਸਮਾਜ ਦੇ ਰਹਿਬਰਾਂ ਦੇ ਜੀਵਨ ਅਤੇ ਫ਼ਲਸਫੇ ਨਾਲ ਸਬੰਧਿਤ ਪੁਸਤਕਾਂ ਵਿਚੋਂ ਇਹ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਮੁਕਾਬਲੇ ਵਿਚ ਛੇਵੀਂ ਜਮਾਤ ਤੋਂ ਲੈ ਕੇ 30 ਸਾਲ ਦੀ ਉਮਰ ਤੱਕ ਦੇ ਪ੍ਰਤੀਯੋਗੀ ਭਾਗ ਲੈ ਸਕਦੇ ਹਨ। ਇਸ ਪ੍ਰਤੀਯੋਗਤਾ ਵਿਚ ਦੇ ਲਈ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਵਿਚ ਇੱਕ ਸੌ ਦੇ ਲਗਭਗ ਸੈਂਟਰ ਬਣਾਏ ਜਾਣਗੇ। ਇਸ ਪ੍ਰਤੀਯੋਗਤਾ ਵਿਚ ਭਾਗ ਲੈਣ ਵਾਲੇ ਪ੍ਰਤੀਯੋਗੀਆਂ ਨੂੰ ਕੁੱਲ ਇੱਕ ਲੱਖ ਰੁਪਏ ਦੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਜਿਸ ਵਿਚ ਦੋ ਗਰੁੱਪਾਂ ਦੇ ਵੱਖ ਵੱਖ ਪਹਿਲੇ ਤਿੰਨ ਜੇਤੂਆਂ ਨੂੰ ਕ੍ਰਮਵਾਰ ਦਸ ਹਜ਼ਾਰ, ਪੰਜ ਹਜ਼ਾਰ ਅਤੇ ਤਿੰਨ ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਂਦੇ ਹਨ।

ਦੋਵਾਂ ਗਰੱਪਾਂ ਦੇ 64 ਪ੍ਰਤੀਯੋਗੀਆਂ ਨੂੰ ਇੱਕ ਇੱਕ ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ। ਇਸ ਸਮਾਗਮ ਦੇ ਭਰਵੇਂ ਇੱਕਠ ਨੂੰ ਗੁਰੂ ਰਵਿਦਾਸ ਮਿਸ਼ਨ ਹਸਪਤਾਲ ਟਰੱਸਟ ਦੇ ਸਕੱਤਰ ਸੋਹਣ ਸਹਿਜਲ,ਡਾ. ਤਜਿੰਦਰ ਰਾਹੁਲ, ਡਾ. ਰਾਜਿੰਦਰ ਥਿੰਦ, ਡਾ. ਐਸ.ਪੀ. ਸੁੰਮਨ, ਸਵਾਮੀ ਰਾਮ ਭਾਰਤੀ, ਡਾ. ਬੂਟਾ ਰਾਮ, ਡਾ. ਗੁਰਦੀਸ਼, ਡਾ. ਸੁਰਿੰਦਰ ਕੁਮਾਰ, ਕੈਪਟਨ ਨਿਰਵੈਰ ਸਿੰਘ ਭਾਨਾ ਤੋਂ ਇਲਾਵਾ ਹੋਰ ਮੈਂਬਰਾਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਗੁਰਦੇਵ ਚੰਦ, ਐਡਵੋਕੇਟ ਰਣਜੀਤ ਕੁਮਾਰ, ਡਾ. ਹਰਬਲਾਸ, ਪਰਮਜੀਤ ਸਿੰਘ, ਜਗਦੀਸ਼ ਲਾਲ, ਗੁਰਪ੍ਰੀਤ ਸਿੰਘ , ਗੁਰਨੇਕ ਸਿੰਘ , ਅਮਰਜੀਤ ਸਿੰਘ, ਹੁਸਨ ਲਾਲ, ਕਮਲ ਕੁਮਾਰ, ਗੁਰਦੇਵ ਸਿੰਘ ਅੱਪਰਾ, ਸ਼ੰਮੀ ਬੰਗੜ, ਪ੍ਰੇਮ ਚੰਦ, ਹਰੀ ਓਮ, ਦੀਪਕ, ਯਸ਼, ਮਹਿੰਦਰ ਕੁਮਾਰ, ਰਕੇਸ਼ ਕੁਮਾਰ, ਬਿਸ਼ਨ ਦਾਸ, ਗੁਰਦੇਵ ਲਾਲ, ਮਨਜੀਤ ਕੁਮਾਰ ਲਾਖਾ, ਜਸਵੀਰ ਕੁਮਾਰ, ਮਨਜੀਤ ਸਿੰਘ, ਰਾਜ ਕੁਮਾਰ ਅਤੇ ਵਿਜੇ ਕੁਮਾਰ ਵੀ ਹਾਜ਼ਰ ਸਨ।

**- ਰੇਸ਼ਮ ਕਰਨਾਣਵੀ**

# ਦੂਸਰੇ ਮਹਾਨ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ

ਨਿਊਯਾਰਕ- ਸ੍ਰੀਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਦ ਵਿਚ ਦੂਸਰਾ ਮਹਾਨ ਨਗਰ ਕੀਰਤਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ 12 ਜੁਲਾਈ ਨੂੰ ਸਜਾਇਆ ਜਾ ਰਿਹਾ ਹੈ।

ਇਸ ਦੇ ਨਾਲ 10 ਦਿਨ ਦੇ ਵਿਸ਼ੇਸ਼ ਦੀਵਾਨ 4 ਜੁਲਾਈ ਤੋਂ 13 ਜੁਲਾਈ ਤੱਕ ਹਰ ਰੋਜ਼ ਸ਼ਾਮ ਨੂੰ 6:30 ਤੋਂ 9:30 ਤੱਕ ਸਜਾਏ ਜਾਣਗੇ। ਇਹਨਾਂ ਮਹਾਨ ਦੀਵਾਨਾਂ ਅਤੇ ਨਗਰ ਕੀਰਤਨ ਤੇ ਪੰਥ ਪ੍ਰਸਿੱਧ ਕੀਰਤਨੀਏ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਸ੍ਰੀ ਦਰਬਾਰ ਸਾਹਿਬ ਵਾਲੇ, ਭਾਈ ਪਰਮਜੀਤ ਸਿੰਘ ਉਤਰਾਖੰਡ ਵਾਲੇ ਕਥਾਵਾਚਕ, ਭਾਈ ਹਰਬੰ ਸਿੰਘ ਬਿਲਗਾ ਢਾਡੀ ਜਥਾ ਅਤੇ ਭਾਈ ਪਦਮ ਸਿੰਘ ਲੁਧਿਆਣੇ ਵਾਲੇ ਕੀਰਤਨੀਏ ਪਹੁੰਚ ਕੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ। ਲੋਕਲ ਸਰਕਾਰੀ ਨੁਮਾਇੰਦੇ ਅਤੇ ਬਾਹਰੋਂ ਵੀ ਵਿਸ਼ੇਸ਼ ਮਹਿਮਾਨ ਪਹੁੰਚ ਰਹੇ ਹਨ। ਸੰਗਤਾਂ ਦੀ ਸੁਵਿਧਾ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੈ। ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਇਰਾਕ ਵਿੱਚ ਫ਼ਸੇ ਬਲਾਚੌਰ ਦੇ ਨੌਜੁਆਨਾਂ ਦੀ ਵਾਪਸੀ ਲਈ ਪੰਜਾਬ ਸਰਕਾਰ ਹਰ ਸੰਭਵ ਯਤਨ ਕਰੇਗੀ-ਡੀ.ਸੀ.





ਡਿਪਟੀ ਕਮਿਸ਼ਨਰ ਸ੍ਰੀਮਤੀ ਅਨਿੰਦਿਤਾ ਮਿਤਰਾ ਅਤੇ ਐਸ.ਪੀ. (ਐਚ) ਸਰਬਜੀਤ ਸਿੰਘ ਪੰਧੇਰ ਵੱਲੋਂ ਬਲਾਚੌਰ ਉਪੱ ਮੰਡਲ ਦੇ ਪਿੰਡਾਂ ਜਗਤਪੁਰ ਅਤੇ ਮਹਿੰਦਪੁਰ ਵਿਖੇ ਇਰਾਕ ਵਿਖੇ ਫ਼ਸੇ ਤਿੰਨਾਂ ਨੌਜੁਆਨਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਪਰਿਵਾਰਿਕ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਵੱਲੋਂ ਇਰਾਕ ਵਿੱਚ ਫ਼ਸੇ ਨੌਜੁਆਨਾਂ ਦੀ ਸੁਰੱਖਿਅਤ ਵਾਪਸੀ ਲਈ ਲਗਾਤਾਰ ਕੇਂਦਰੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨਾਲ ਸੰਪਰਕ ਬਣਾਇਆ ਹੋਇਆ ਹੈ ਅਤੇ ਸਰਕਾਰ ਸੂਬੇ ਦੇ ਇਨ੍ਹਾਂ ਨੌਜੁਆਨਾਂ ਦੀ ਦੇਸ਼ ਵਾਪਸੀ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਨੇ ਇਨ੍ਹਾਂ ਪਰਿਵਾਰਾਂ ਨੂੰ ਸਥਾਨਕ ਪੱਧਰ 'ਤੇ ਵੀ ਲੋੜੀਂਦੇ ਸਹਿਯੋਗ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਮੁਕੰਮਲ ਸਹਿਯੋਗ ਦੀ ਪੇਸ਼ਕਸ਼ ਕੀਤੀ। ਇਸ ਮੌਕੇ ਡੀ.ਐਸ.ਪੀ. ਬਲਾਚੌਰ ਸ੍ਰੀ ਤੁਰਣ ਰਤਨ ਵੀ ਜ਼ਿਲ੍ਹਾ ਅਧਿਕਾਰੀਆਂ ਨਾਲ ਮੌਜੂਦ ਸਨ। ਡਿਪਟੀ ਕਮਿਸ਼ਨਰ ਵੱਲੋਂ ਅੱਜ ਜਿਨ੍ਹਾਂ ਪਰਿਵਾਰਾਂ ਦੇ ਘਰ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ, ਉਨ੍ਹਾਂ ਵਿੱਚ ਜਗਤਪੁਰ ਦਾ ਪਰਮਿੰਦਰ ਕੁਮਾਰ ਪੁੱਤਰ ਜੀਤ ਰਾਮ, ਮਹਿੰਦਪੁਰ ਦੇ ਜਸਵੀਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਅਤੇ ਜਸਵੀਰ ਸਿੰਘ ਪੁੱਤਰ ਜਰਨੈਲ ਸਿੰਘ ਸ਼ਾਮਿਲ ਹਨ। ਇਨ੍ਹਾਂ ਪਰਿਵਾਰਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਕਲ੍ਹ ਸੂਚਿਤ ਕੀਤਾ ਗਿਆ ਸੀ ਕਿ ਉਨ੍ਹਾਂ ਦੇ ਪੁੱਤਰ ਪਿਛਲੇ ਕੁੱਝ ਦਿਨਾਂ ਤੋਂ ਉਨ੍ਹਾਂ ਦੇ ਸੰਪਰਕ ਵਿੱਚ ਨਹੀਂ ਹਨ ਅਤੇ ਉਨ੍ਹਾਂ ਨੂੰ ਸ਼ੱਕ ਹੈ ਕਿ ਇਰਾਕ ਦੇ ਵਿਗੜੇ ਹੋਏ ਹਾਲਾਤਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਉੱਥੇ ਬੰਦੀ ਬਣਾ ਲਿਆ ਗਿਆ ਹੈ। ਮਹਿੰਦਪੁਰ ਵਿਖੇ ਡਿਪਟੀ ਕਮਿਸ਼ਨਰ ਨੇ ਅੱਜ ਹੀ ਇਰਾਕ ਤੋਂ ਪਰਤੇ ਨੌਜੁਆਨ ਗਗਨਦੀਪ ਸਿੰਘ ਪੁੱਤਰ ਮੱਖਣ ਸਿੰਘ ਨਾਲ ਵੀ ਮੁਲਾਕਾਤ ਕੀਤੀ। ਉਸ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਸ ਦੀ ਵਾਪਸੀ ਭਾਰਤ ਪੁੱਜੇ 200 ਨੌਜੁਆਨਾਂ ਦੇ ਗਰੁੱਪ ਵਿੱਚ ਹੋਈ ਹੈ ਅਤੇ ਇਸ ਗਰੁੱਪ ਵਿੱਚ ਉਸ ਸਮੇਤ 14 ਨੌਜੁਆਨ ਪੰਜਾਬ ਨਾਲ ਸਬੰਧਤ ਹਨ। ਉਸ ਦਾ ਕਹਿਣਾ ਸੀ ਕਿ ਉੱਥੇ ਚੱਲ ਰਹੇ ਹਥਿਆਰਬੰਦ ਸੰਘਰਸ਼ ਕਾਰਨ ਪੰਜਾਬੀ ਨੌਜੁਆਨ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਆਪਣੇ ਤੌਰ 'ਤੇ ਜ਼ਿਲ੍ਹੇ ਦੇ ਇਰਾਕ ਗਏ ਹੋਏ ਨੌਜੁਆਨਾਂ ਦੀ ਇਕੱਤਰ ਕੀਤੀ ਗਈ ਸੂਚੀ ਮੁਤਾਬਕ ਹੁਣ ਤੱਕ ਬੰਗਾ ਦੇ 51, ਨਵਾਂਸ਼ਹਿਰ ਦੇ 10 ਅਤੇ ਬਲਾਚੌਰ ਦੇ ਤਿੰਨ ਨੌਜੁਆਨ ਇਰਾਕ ਵਿੱਚ ਰੋਜ਼ੀ-ਰੋਟੀ ਵਾਸਤੇ ਗਏ ਹੋਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਬਲਾਚੌਰ ਦੇ ਤਿੰਨ ਨੌਜੁਆਨਾਂ ਨੂੰ ਛੱਡ ਕੇ ਬਾਕੀ ਦੇ ਸਾਰੇ ਆਪਣੇ ਪਰਿਵਾਰਾਂ ਦੇ ਸੰਪਰਕ ਵਿੱਚ ਹਨ ਅਤੇ ਸੁਰੱਖਿਅਤ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੀਆਂ ਹਦਾਇਤਾਂ 'ਤੇ ਇਨ੍ਹਾਂ ਪਰਿਵਾਰਾਂ ਦੀ ਸੰਕਟ ਦੀ ਘੜੀ ਵਿੱਚ ਮੱਦਦ ਕਰਨ ਲਈ ਤਿੰਨਾਂ ਐਸ.ਡੀ.ਐਮਜ਼ ਨੂੰ ਲੋੜੀਂਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਖੁਦ ਵੀ ਅੱਜ ਇਨ੍ਹਾਂ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਹੈ।

# ਜੈਤੇਗ ਸਿੰਘ ਆਨੰਤ ਦੁਆਰਾ ਸੰਪਾਦਿਤ ਤਿੰਨ ਪੁਸਤਕਾਂ 5 ਜੁਲਾਈ ਨੂੰ ਸੰਗਤ ਅਰਪਣ ਕੀਤੀਆਂ ਜਾਣਗੀਆਂ

ਸਰੀ- ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਪੰਜਾਬੀ ਅਦਬੀ ਸੰਗਤ ਲਿਟਰੇਰੀ ਸੁਸਾਇਟੀ ਆਫ ਕੈਨੇਡਾ ਦੇ ਸਹਿਯੋਗ ਨਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ 136ਵੇਂ ਜਨਮ ਦਿਨ ਤੇ ਗਦਰ ਲਹਿਰ ਦੀ ਪਹਿਲੀ ਜਨਮ ਸ਼ਤਾ-ਬਦੀ ਨੂੰ ਸਮਰਪਿਤ ਸ: ਜੈਤੇਗ ਸਿੰਘ ਅਨੰਤ ਦੀ ਸੰਪਾਦਨਾ ਹੇਠ 3 ਪੁਸਤਕਾਂ ''ਗਦਰ




ਲਹਿਰ ਦੀ ਕਹਾਣੀ, ਗਦਰੀ ਯੋਧੇ, ਗਦਰ ਦੀ ਗੂੰਜ ਤੇ ਭਾਈ ਰਣਧੀਰ ਸਿੰਘ'' 5 ਜੁਲਾਈ ਦਿਨ ਸ਼ਨਿਚਰਵਾਰ ਨੂੰ ਦੁਪਹਿਰੇ 12 ਤੋਂ 3 ਵਜੇ ਤੱਕ ਸੰਗਤ ਅਰਪਿਤ ਕੀਤੀ ਜਾ ਰਹੀ ਹੈ। ਇਸ ਸਬੰਧਤ ਪ੍ਰੋਗਰਾਮ ਗਰੈਂਡ ਤਾਜ ਬੈਂਕੁਇਟ ਹਾਲ 128 ਸਟਰੀਟ 84 ਐਵੇਨਿਊ ਸਰੀ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ ਗਦਰੀ ਯੋਧਿਆਂ ਦੇ ਪਰਿਵਾਰ ਉਚੇਚੇ ਤੌਰ ਤੇ ਬਰਤਾਨੀਆ ਤੇ ਅਮਰੀਕਾ ਤੋਂ ਪਹੁੰਚ ਰਹੇ ਹਨ। ਸਮਾਗਮ ਵਿਚ ਗਦਰੀ ਬਾਬਿਆਂ ਦੇ ਨਾਂ ਯਾਦਗਾਰੀ ਐਵਾਰਡ ਪ੍ਰਦਾਨ ਕੀਤੇ ਜਾਣਗੇ। ਸਮਾਗਮ ਵਿਚ ਸ਼ਾਮਲ ਹੋਣ ਲਈ ਸਭ ਨੂੰ ਖੁੱਲ੍ਹਾ ਸੱਦਾ ਹੈ। ਹੋਰ ਜਾਣਕਾਰੀ ਲਈ ਸ੍ਰੀ ਜੈਤੇਗ ਸਿੰਘ ਅਨੰਤ 778-385-8141 ਜਾਂ ਜਗਜੀਤ ਸਿੰਘ ਤੱਖਰ ਨਾਲ 778-385-1656 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹੈ ਤਾਂ ਵਿਚਾਰਨ ਵਾਲੀ ਗੱਲ

ਸਾਬਕਾ ਵਿੱਤ ਮੰਤਰੀ ਸ੍ਰੀ ਚਿੰਦਬਰਮ ਨੇ ਸੰਸਦ ਵਿਚ ਕਿਹਾ ਸੀ ਕਿ ਪੰਜ ਲੱਖ ਚੁਹੱਤਰ ਹਜ਼ਾਰ ਮੰਦਰਾਂ ਵਿਚ 12800 ਮੀਟ੍ਰਿਕ ਟਨ ਸੋਨਾ ਜਮ੍ਹਾ ਹੈ, ਇਸ ਦੇ ਨਾਲ ਹਰ ਸਾਲ ਦਾਨ ਦਾਤਿਆਂ ਵੱਲੋਂ ਤਕਰੀਬਨ 121000 ਕਰੋੜ ਰੁਪਏ ਮੰਦਰਾਂ ਵਿਚ ਦਾਨ ਦਿੱਤੇ ਜਾਂਦੇ ਹਨ। ਇਸਦਾ ਮਤਲਬ ਇਹ ਹੋਇਆ ਕਿ ਕੁੱਲ 40 ਲੱਖ ਕਰੋੜ ਰੁਪਏ ਦੇ ਆਸ ਪਾਸ ਮੰਦਰਾਂ ਵਿਚ ਜਮ੍ਹਾ ਪੂੰਜੀ ਜੋ ਸਵਿੱਸ ਬੈਂਕਾਂ ਵਿਚ ਜਮ੍ਹਾ ਕੀਤੇ ਗਏ ਕਾਲੇ ਧਨ ਤੋਂ ਜ਼ਿਆਦਾ ਹੈ, ਨੂੰ ਗਰੀਬਾਂ ਦੇ ਕਲਿਆਣ ਤੇ ਖਰਚ ਕਰਨ ਦੀ ਬਜਾਏ ਰੱਬ ਦੇ ਨਾਂ ਤੇ ਕੁਝ ਮੁੱਠੀ ਭਰ ਯੂਰੇਸ਼ੀਅਨ ਆਰੀਆ ਬ੍ਰਾਹਮਣ ਪ੍ਰਧਾਨ ਆਪਣੇ ਐਸ਼ੋ-ਆਰਾਮ ਤੇ ਬਰਬਾਦ ਕਰ ਰਹੇ ਹਨ।

# ਦੇਰੀ ਨਾਲ ਆਏ ਸਿੱਖਿਆ ਮੰਤਰੀ ਦਾ ਸਵਾਗਤ ਨਾ ਕਰ ਸਕਣ ਕਾਰਨ ਦਲਿਤ ਪ੍ਰਿੰਸੀਪਲ ਦਾ ਤਬਾਦਲਾ ਕੀਤਾ

ਤ੍ਰਿਵੂਨੰਤਪੁਰਮ (ਕੇਰਲਾ)- ਕੇਰਲਾ ਦੇ ਸਿੱਖਿਆ ਮੰਤਰੀ ਨੇ ਲੜਕੀਆਂ ਦੇ ਸਕੂਲ ਦੀ ਦਲਿਤ ਪ੍ਰਿੰਸੀਪਲ ਦਾ ਇਸ ਕਾਰਨ ਤਬਾਦਲਾ ਕਰ ਦਿੱਤਾ ਕਿਉਂਕਿ ਸਿੱਖਿਆ ਮੰਤਰੀ ਨੂੰ ਉਡੀਕ ਉਡੀਕ ਕੇ ਸਕੂਲ ਬੰਦ ਕਰਕੇ ਚਲੇ ਜਾਣ ਕਾਰਨ ਉਹਨਾਂ ਦਾ ਸਵਾਗਤ ਨਹੀਂ ਹੋ ਸਕਿਆ। ਇਹ ਘਟਨਾ ਉਦੋਂ ਵਾਪਰੀ ਜਦੋਂ ਲੜਕੀਆਂ ਦੇ ਸਕੂਲ ਵਿਚ ਰੱਖੇ ਪ੍ਰੋਗਰਾਮ ਦੇ ਉਤੇ ਸਿੱਖਿਆ ਮੰਤਰੀ ਨੇ ਆਉਣਾ ਸੀ। ਪ੍ਰੋਗਰਾਮ ਦਾ ਸਮਾਂ ਸਵੇਰੇ 9:30 ਵਜੇ ਦਾ ਸੀ, ਪਰ ਬੱਚੇ ਸਕੂਲ ਦੇ ਗੇਟ ਮੂਹਰੇ ਕਈ ਘੰਟੇ ਖੜ੍ਹੇ ਉਡੀਕਦੇ ਰਹੇ ਪਰ ਸਿੱਖਿਆ ਮੰਤਰੀ ਨਾ ਆਏ। ਇਸ ਦਰਮਿਆਨ ਪ੍ਰਿੰਸੀਪਲ ਜੋ ਕਿ ਪਹਿਲਾਂ ਹੀ ਬਿਮਾਰ ਸਨ, ਦੇ ਸਿਰ ਵਿਚ ਤੇਜ਼ ਦਰਦ ਹੋ ਗਿਆ ਅਤੇ ਉਹ ਫੰਕਸ਼ਨ ਮੁਕਾ ਕੇ ਚਲੇ ਗਏ। ਸਿੱਖਿਆ ਮੰਤਰੀ ਸਕੂਲ ਵਿਚ 12:30 ਵਜੇ ਦੇ ਕਰੀਬ ਪਹੁੰਚੇ ਤਾਂ ਸਕੂਲ ਦਾ ਗੇਟ ਬੰਦ ਦੇਖਿਆ। ਗੇਟ ਵੀ ਮੰਰਤੀ ਦੇ ਪੀ. ਏ. ਨੇ ਹੀ ਖੋਲ੍ਹਿਆ। ਅਗਲੇ ਦਿਨ ਹੀ ਪ੍ਰਿੰਸੀਪਲ ਨੂੰ ਇਸ ਦਾ ਕਾਰਨ ਦੱਸੋ ਨੋਟਿਸ ਮਿਲ ਗਿਆ ਅਤੇ ਇਸ ਤੋਂ ਕੁਝ ਦਿਨਾਂ ਬਾਅਦ ਉਹਨਾਂ ਦੀ ਬਦਲੀ ਕਰ ਦਿੱਤੀ ਗਈ।

# ਪ੍ਰਸਿੱਧ ਗਾਇਕ ਸੁਰਿੰਦਰ ਸ਼ਿੰਦਾ ਦਾ ਸਨਮਾਨ



ਕੈਲੀਫੋਰਨੀਆ-ਵਿਸ਼ਵ ਪ੍ਰਸਿੱਧ ਪੰਜਾਬੀ ਗਾਇਕ ਸੁਰਿੰਦਰ ਸ਼ਿੰਦਾ ਵੱਲੋਂ ਜ਼ਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਵਿਖੇ ਕੀਤੇ ਕਤਲੇਆਮ ਅਤੇ ਸ਼ਹੀਦ ਊਧਮ ਸਿੰਘ ਵੱਲੋਂ ਜਰਨਲ ਡਾਇਰ ਵਿਰੁੱਧ ਲੰਡਨ ਵਿਖੇ ਕੀਤੀ ਕਾਰਵਾਈ ਦਰਸਾਉਂਦੀ ਹੋਈ ਜਸਬੀਰ ਗੁਣਾਚੌਰੀਆ ਦੇ ਗੀਤਾਂ ਤੇ ਸਕ੍ਰਿਪਟ ਅਤੇ ਬੱਬਲੀ ਸਿੰਘ ਵੱਲੋਂ ਪੇਸ਼ ਕੀਤੀ ਦਸਤਾਵੇਜ਼ੀ ਫਿਲਮ "ਖ਼ੂਨੀ ਵਿਸਾਖੀ 1919'' ਵਿਸ਼ਵ ਭਰ ਵਿਖਾਈ ਜਾ ਰਹੀ ਹੈ। ਕੈਲੀਫੋਰਨੀਆ ਵਿਖੇ ਸੁਰਿੰਦਰ ਸ਼ਿੰਦਾ ਦੇ ਵੱਲੋਂ ਬਣਾਈ "ਖ਼ੂਨੀ ਵਿਸਾਖੀ 1919'' ਮੁਡੈਸਟੋ ਸੀਰੀਸ ਸੈਕਰਾਮੈਂਟੋ-ਸਟਾਕਟਨ ਵਿਖੇ ਵਿਖਾਈ ਗਈ। ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਮਨਜੀਤ ਸਿੰਘ, ਭਾਈ ਅਮਰਜੀਤ ਸਿੰਘ ਅਤੇ ਸੀਨੀਅਰ ਅਕਾਲੀ ਲੀਡਰ ਦਵਿੰਦਰ ਸਿੰਘ ਰਣੀਆ ਵੱਲੋਂ ਸੁਰਿੰਦਰ ਸ਼ਿੰਦਾ ਵੱਲੋਂ ਨਿਭਾਈ ਗਈ ਸੇਵਾ ਲਈ ਸਨਮਾਨ ਸਮਾਰੋਹ ਕੀਤਾ ਗਿਆ ਹੈ।


# ਪੀ ਸੀ ਐਸ ਸੈਕਰਾਮੈਂਟੋ ਦਾ ਤੀਆਂ ਦਾ ਮੇਲਾ 17 ਅਗਸਤ ਨੂੰ

ਸੈਕਰਾਮੈਂਟੋ/ ਐਲਗਰੋਵ- ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵੱਲੋਂ ਤੀਆਂ ਦਾ 14ਵਾਂ ਮੇਲਾ ਇਸ ਵਾਰ 17 ਅਗਸਤ ਦਿਨ ਐਤਵਾਰ ਨੂੰ 1 ਵਜੇ ਐਸ. ਈ ਐਸ. ਹਾਲ ਐਲਗਰੋਵ ਵਿਖੇ ਕਰਵਾਇਆ ਜਾ ਰਿਹਾ ਹੈ। ਇੱਥੇ ਜ਼ਿਕਰਯੋਗ ਹੈ ਕਿ ਇਹ ਸੁਸਾਇਟੀ ਹਰ ਸਾਲ 2 ਸਭਿਆਚਾਰਕ ਮੇਲੇ ਕਰਵਾਉਂਦੀ ਹੈ। ਵਿਸਾਖੀ ਤੇ ਤੀਆਂ ਸਮੇਂ ਇਸ ਸਾਲ 25ਵਾਂ (ਸਿਲਵਰ ਜੁਬਲੀ) ਵਿਸਾਖੀ ਮੇਲਾ ਮਨਾ ਚੁੱਕੀ ਹੈ। ਇਸੇ ਕਰਕੇ ਇਹਨਾਂ ਮੇਲਿਆਂ ਨੂੰ ਪਰਿਵਾਰਕ ਇਕੱਠ ਦਾ ਨਾਮ ਦਿੱਤਾ ਗਿਆ ਹੈ। ਤੀਆਂ ਦੇ ਮੇਲੇ ਨੂੰ ਪਿਛਲੇ ਸਾਲਾਂ ਵਾਂਗ ਚਾਰ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਬੈਠ ਕੇ ਗੀਤ ਗਾਏ ਜਾਂਦੇ ਹਨ, ਦੂਜੇ ਹਿੱਸੇ ਵਿਚ ਸਟੇਜ ਕੀਤੀ ਜਾਂਦੀ ਹੈ ਤੇ ਤੀਜੇ ਹਿੱਸੇ 'ਚ ਬੋਲੀਆਂ ਪਾਈਆਂ ਜਾਂਦੀਆਂ ਹਨ ਤੇ ਅਖੀਰ ਵਿਚ ਡੀ. ਜੀ. ਆਦਿ। ਮੇਲੇ ਵਿਚ ਛੋਟੀ ਉਮਰ ਦੀਆਂ ਬੱਚੀਆਂ ਤੋਂ ਲੈ ਕੇ ਵੱਡੀ ਉਮਰ ਤੱਕ ਦੀਆਂ ਬੀਬੀਆਂ ਹਿੱਸਾ ਲੈ ਸਕਦੀਆਂ ਹਨ। ਮੇਲੇ ਦੀ ਕੋਈ ਦਾਖਲਾ ਫੀਸ ਨਹੀਂ ਰੱਖੀ ਗਈ। ਪੰਜਾਬੀ ਕਲਚਰਲ ਸੁਸਾਇਟੀ ਵੱਲੋਂ ਇਹਨਾਂ ਮੇਲਿਆਂ ਨੂੰ ਕਰਵਾਉਣ ਦਾ ਇਕੋ ਹੀ ਮਕਸਦ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਸਭਿਆਚਾਰ ਬਾਰੇ, ਬੋਲੀ ਬਾਰੇ, ਪਹਿਰਾਵੇ ਬਾਰੇ ਤੇ ਗੀਤਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ। ਹੋਰ ਜਾਣਕਾਰੀ ਲਈ ਸੰਪਰਕ ਕਰੋ:



ਮਨਦੀਪ ਫਰਵਾਲਾ 916-212-1826 ਬਲਦੇਵ ਕੌਰ 916-996-2010
ਰਸ਼ਪਾਲ ਪਰਹਾਰ 916-730-7191

## ਬੁਰੇ ਦਿਨ ਸ਼ੁਰੂ



**ਫਰੈਡੀ ਜੋਜ਼ਫ**

ਮੋਦੀ ਸਰਕਾਰ ਵਲੋਂ ਰੇਲ ਕਿਰਾਏ ਤੇ ਭਾੜੇ ਵਿੱਚ ਜੋ 14.2 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਹੈ ਉਸ ਵਿੱਚ ਗਰੀਬ ਆਦਮੀ ਨੂੰ ਕੋਈ ਅਜਿਹੀ ਰਿਆਇਤ ਨਹੀਂ ਦਿੱਤੀ ਗਈ ਜਿਸ ਤੋਂ ਇਹ ਸੰਕੇਤ ਮਿਲ ਸਕੇ ਕਿ ਸਰਕਾਰ ਗਰੀਬ ਦਾ ਖਿਆਲ ਰੱਖੇਗੀ। ਜਿਸ ਹਿਸਾਬ ਨਾਲ ਚੀਨੀ ਦੇ ਭਾਅ ਤਿੰਨ ਰੁਪਏ ਕਿਲੋ ਵਧ ਗਏ ਹਨ, ਸਬਜ਼ੀਆਂ ਦੇ ਭਾਅ ਚੜ੍ਹਨੇ ਸ਼ੁਰੂ ਹੋ ਗਏ ਹਨ ਅਤੇ ਰਸੋਈ ਗੈਸ, ਪੈਟਰੋਲ ਅਤੇ ਡੀਜ਼ਲ ਮਹਿੰਗੇ ਹੋਣ ਦੇ ਸੰਕੇਤ ਆ ਰਹੇ ਹਨ ਉਨ੍ਹਾਂ ਤੋਂ ਸਪਸ਼ਟ ਹੈ ਕਿ ਸਰਕਾਰ ਕੋਲ ਮਹਿੰਗਾਈ ਨਾਲ ਨਿਪਟਣ ਲਈ ਕੋਈ ਠੋਸ ਨੀਤੀ ਨਹੀਂ ਹੈ। ਲੋਕ ਸਭਾ ਚੋਣਾਂ 2014 ਵਿੱਚ ਭਾਜਪਾ ਦੇ ਚੋਣ ਏਜੰਡੇ ਤੇ ਸਭ ਤੋਂ ਉਪਰ ਮਹਿੰਗਾਈ ਖਤਮ ਕਰਨ ਦਾ ਵਾਅਦਾ ਅਤੇ ਨਾਅਰਾ ਹੀ ਸੀ। ਦੂਜਾ ਵੱਡਾ ਨਾਅਰਾ ਸੀ ਵਿਦੇਸ਼ਾਂ ਵਿੱਚ ਜਮ੍ਹਾ ਭਾਰਤ ਦਾ ਕਾਲਾ ਧੰਨ ਵਾਪਿਸ ਲਿਆਉਣਾ। ਮੋਦੀ ਸਰਕਾਰ ਨੇ ਸੰਹੁ ਚੁਕਣ ਤੋਂ ਬਾਅਦ ਪਹਿਲਾ ਕੰਮ ਐਸ.ਆਈ.ਟੀ. ਦੇ ਗਠਨ ਦਾ ਹੀ ਕੀਤਾ ਸੀ ਜਿਸ ਨੇ ਵਿਦੇਸ਼ਾਂ ਵਿੱਚ ਪਿਆ ਕਾਲਾ ਧੰਨ ਵਾਪਿਸ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਕਰਨੀ ਸੀ ਜਿਸ ਦਿਨ ਕੇਂਦਰੀ ਵਿਤ ਮੰਤਰੀ ਨੇ ਇਹ ਆਖਿਆ ਕਿ ਸਵਿਟਜ਼ਰਲੈਂਡ ਦੇ ਬੈਂਕ ਸਹਿਯੋਗ ਕਰਨ ਲਈ ਤਿਆਰ ਹਨ ਉਸ ਤੋਂ ਅਗਲੇ ਦਿਨ ਹੀ ਸਵਿਟਜ਼ਰਲੈਂਡ ਦੇ ਬੈਂਕਾਂ ਦਾ ਉੱਤਰ ਆ ਗਿਆ ਸੀ ਕਿ ਭਾਰਤ ਨੂੰ ਕਾਲਾ ਧੰਨ ਜਮ੍ਹਾ ਕਰਾਉਣ ਵਾਲਿਆਂ ਦੀ ਸੂਚੀ ਨਹੀਂ ਦਿੱਤੀ ਜਾ ਸਕਦੀ। ਇਸ ਤਰ੍ਹਾਂ ਮੋਦੀ ਸਰਕਾਰ ਦਾ ਦੂਜਾ ਏਜੰਡਾ ਵੀ ਠੁੱਸ ਹੋ ਗਿਆ।

ਮੋਦੀ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਤੁਰੰਤ ਬਾਅਦ ਇਹ ਸੰਕੇਤ ਦਿੱਤਾ ਗਿਆ ਕਿ ਜੰਮੂ ਕਸ਼ਮੀਰ ਵਿੱਚ ਜਲਦੀ ਹੀ ਧਾਰਾ 370 ਖਤਮ ਕੀਤੀ ਜਾ ਰਹੀ ਹੈ। ਪਰ ਸਰਕਾਰ ਦੇ ਇਸ ਐਲਾਨ ਦੇ ਵਿਰੁਧ ਅਜਿਹਾ ਤਿੱਖਾ ਪ੍ਰਤੀਕਰਮ ਹੋਇਆ ਕਿ ਇਸ ਫੈਸਲੇ ਨੂੰ ਠੰਡੇ ਬਸਤੇ ਵਿੱਚ ਪਾਉਣਾ ਪਿਆ। ਮਹਿੰਗਾਈ ਖਤਮ ਕਰਨ ਨੂੰ ਲੈ ਕੇ ਜਿਸ ਆਤਮ ਵਿਸ਼ਵਾਸ ਨਾਲ ਭਾਜਪਾ ਨੇ ਲੋਕਾਂ ਤੋਂ ਵੋਟ ਮੰਗੇ, ਲੋਕ ਇਹੀ ਸਮਝ ਗਏ ਕਿ ਭਾਜਪਾ ਕੋਲ ਮਹਿੰਗਾਈ ਖਤਮ ਕਰਨ ਦਾ ਕੋਈ ਠੋਸ ਫਾਰਮੂਲਾ ਹੋ ਸਕਦਾ ਹੈ। ਪਰ ਵਧੇ ਰੇਲ ਕਿਰ-ਾਏ ਭਾੜੇ ਅਤੇ ਜ਼ਰੂਰੀ ਚੀਜ਼ਾਂ ਦੀਆਂ ਵੱਧੀ ਰਹੀਆਂ ਕੀਮਤਾਂ ਤੋਂ ਸਪਸ਼ਟ ਹੋ ਗਿਆ ਹੈ ਕਿ ਭਾਜਪਾ ਕੋਲ ਮਹਿੰਗਾਈ ਖਤਮ ਕਰਨ ਦਾ ਕੋਈ ਫਾਰਮੂਲਾ ਨਹੀਂ ਹੈ। ਅਜੀਬ ਗੱਲ ਇਹ ਵੀ ਹੈ ਕਿ ਪੂਰੀ ਤਾਕਤ ਪ੍ਰਾਪਤ ਸਰਕਾਰ ਹੋਣ ਦੇ ਬਾਵਜੂਦ ਉਹ ਮਹਿੰਗਾਈ ਲਈ ਕਾਂਗਰਸ ਦੀਆਂ ਪੁਰਾਣੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ ਜੋ ਕਿ ਇਕ ਮਜ਼ਾਕ ਵਾਲੀ ਗੱਲ ਹੈ। ਚੋਣਾਂ ਵਿੱਚ ਲੋਕਾਂ ਨੂੰ ਇਹ ਭਰੋਸਾ ਦਿੱਤਾ ਗਿਆ ਸੀ ਕਿ ਚੰਗੇ ਦਿਨ ਆਉਣ ਵਾਲੇ ਹਨ। ਪਰ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਤੋਂ ਲੱਗ ਰਿਹਾ ਹੈ ਕਿ ਲੋਕਾਂ ਦੇ ਬੁਰੇ ਤੋਂ ਵੀ ਬੁਰੇ ਦਿਨ ਸ਼ੁਰੂ ਹੋ ਗਏ ਹਨ। ਸਾਡੀ ਮੋਦੀ ਸਰਕਾਰ ਨੂੰ ਅਪੀਲ ਹੈ ਕਿ ਉਹ ਇਕ ਜ਼ਿੰਮੇਵਾਰ ਸਰਕਾਰ ਦਾ ਪ੍ਰਦਰਸ਼ਨ ਕਰੇ ਅਤੇ ਜੋ ਉਸਨੇ ਵਾਅਦੇ ਚੋਣਾਂ ਵਿੱਚ ਕੀਤੇ ਹਨ ਉਹਨਾਂ ਨੂੰ ਪੂਰਾ ਕਰਨ ਲਈ ਗੰਭੀਰ ਹੋਵੇ।

# ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ- ਜਥੇਦਾਰ ਨੇ ਚੁਣਿਆ ਗੱਲਬਾਤ ਦਾ ਰਾਹ

ਅੰਮ੍ਰਿਤਸਰ-ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਕਰਨ ਵਾਲਿਆਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕੱਢਣ ਲਈ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ 10 ਮੈਂਬਰੀ ਕਮੇਟੀ ਬਣਾਈ ਗਈ ਹੈ। ਇਹ ਕਮੇਟੀ ਭਲਕੇ 3 ਜੁਲਾਈ ਨੂੰ ਕੁਰੂਕਸ਼ੇਤਰ ਸਥਿਤ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਹਰਿਆਣਾ ਦੇ ਸਿੱਖ ਆਗੂਆਂ ਨਾਲ ਗੱਲਬਾਤ ਕਰੇਗੀ ਅਤੇ ਇਸ ਦੀ ਰਿਪੋਰਟ ਅਕਾਲ ਤਖ਼ਤ ਨੂੰ ਸੌਂਪੇਗੀ।

ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਕਰਨ ਵਾਲੇ ਪੰਜ ਆਗੂ ਜਗਦੀਸ਼ ਸਿੰਘ ਝੀਂਡਾ, ਦੀਦਾਰ ਸਿੰਘ ਨਲਵੀ, ਅਪਾਰ ਸਿੰਘ, ਹਰਮਨਪ੍ਰੀਤ ਸਿੰਘ ਅਤੇ ਬਾਬਾ ਗੁਰਮੀਤ ਸਿੰਘ ਤਲੋਕੇਵਾਲੇ ਅੱਜ ਅਕਾਲ ਤਖ਼ਤ ਉਪਰ ਨਹੀਂ ਪੁੱਜੇ। ਇਨ੍ਹਾਂ ਸਿੱਖ ਆਗੂਆਂ ਨੇ ਪੱਤਰ ਭੇਜ ਕੇ ਰੁਝੇਵੇਂ ਹੋਣ ਕਾਰਨ ਨਾ ਪੁੱਜਣ ਵਾਸਤੇ ਮੁਆਫ਼ੀ ਮੰਗੀ ਹੈ ਅਤੇ ਅਗਲੇ ਦਿਨਾਂ ਵਿੱਚ ਮੁਲਾਕਾਤ ਲਈ ਸਮਾਂ ਦੇਣ ਦੀ ਮੰਗ ਕੀਤੀ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਨ੍ਹਾਂ ਪੰਜ ਸਿੱਖ ਆਗੂਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਭਲਕੇ 3 ਜੁਲਾਈ ਨੂੰ 11 ਵਜੇ ਕੁਰੂਕਸ਼ੇਤਰ ਸਥਿਤ ਗੁਰਦੁਆਰੇ ਵਿੱਚ 10 ਮੈਂਬਰੀ ਕਮੇਟੀ ਨਾਲ ਮੁਲਾਕਾਤ ਕਰਨ। ਇਸ ਦੌਰਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਫਿਲਹਾਲ ਉਨ੍ਹਾਂ ਨੂੰ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਭਲਕੇ  ਦੀ ਮੀਟਿੰਗ ਸਬੰਧੀ ਕੋਈ ਪੱਤਰ ਨਹੀਂ ਮਿਲਿਆ ਹੈ। ਜੇਕਰ ਉਨ੍ਹਾਂ ਨੂੰ ਕੋਈ ਪੱਤਰ ਮਿਲਿਆ ਤਾਂ ਉਹ ਅਕਾਲ ਤਖ਼ਤ ਨੂੰ ਸਮਰਪਿਤ ਹੁੰਦੇ ਹੋਏ ਕੁਰੂਕਸ਼ੇਤਰ ਸਥਿਤ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ 10 ਮੈਂਬਰੀ ਕਮੇਟੀ ਨੂੰ ਜ਼ਰੂਰ ਮਿਲਣਗੇ।


ਹਰਿਆਣਾ ਵਿੱਚ ਵੱਖਰੀ ਕਮੇਟੀ ਦਾ ਮਾਮਲਾ ਹੱਲ ਕਰਨ ਲਈ ਬਣਾਈ ਗਈ 10 ਮੈਂਬਰੀ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਮੈਂਬਰਾਂ ਤੋਂ ਇਲਾਵਾ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਵਿੱਚ ਦਮਦਮੀ ਟਕਸਾਲ ਅਤੇ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਸੰਤ ਤੇਜਾ ਸਿੰਘ ਖੁੱਡਾ, ਸੰਤ ਰਾਮ ਸਿੰਘ ਸੀਂਘੜਾ (ਕਰਨਾਲ), ਸੰਤ ਜੋਗਾ ਸਿੰਘ ਕਰਨਾਲ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਰਜਿੰਦਰ ਸਿੰਘ ਮਹਿਤਾ, ਕਰਨੈਲ ਸਿੰਘ ਪੰਜੋਲੀ, ਦਿਆਲ ਸਿੰਘ ਕੋਲਿਆਂਵਾਲੀ (ਸਾਰੇ ਅੰਤ੍ਰਿੰਗ ਕਮੇਟੀ ਮੈਂਬਰ) ਅਤੇ ਸਕੱਤਰ ਦਲਮੇਘ ਸਿੰਘ ਦੇ ਨਾਂ ਸ਼ਾਮਲ ਹਨ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਾਰੀ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਇਸ ਗੰਭੀਰ ਮਾਮਲੇ ਨੂੰ ਤੁਰੰਤ ਵਿਚਾਰਨ ਦੀ ਲੋੜ ਹੈ। ਭਾਵੇਂ ਉਨ੍ਹਾਂ ਇਸ ਇਕੱਤਰਤਾ ਦੀ ਤਰੀਕ ਬਾਰੇ ਕੋਈ ਖ਼ੁਲਾਸਾ ਨਹੀਂ ਕੀਤਾ ਹੈ ਪਰ ਹੰਗਾਮੀ ਸਥਿਤੀ ਵਿੱਚ ਇਹ ਇਕੱਤਰਤਾ 6 ਜੁਲਾਈ ਤੋਂ ਪਹਿਲਾਂ ਵੀ ਸੱਦੀ ਜਾ ਸਕਦੀ ਹੈ।

ਅੱਜ ਇਥੇ ਹਰਿਆਣਾ ਦੇ ਸਿੱਖ ਆਗੂਆਂ ਨਾਲ ਗੱਲਬਾਤ ਕਰਨ ਲਈ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਵੀ ਹਾਜ਼ਰ ਸਨ। ਉਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਕੱਤਰ ਰੂਪ ਸਿੰਘ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸਤਬੀਰ ਸਿੰਘ ਆਦਿ ਵੀ ਹਾਜ਼ਰ ਸਨ। ਇਨ੍ਹਾਂ ਆਗੂਆਂ ਨੇ ਲੰਮਾ ਸਮਾਂ ਹਰਿਆਣਾ ਦੇ ਸਿੱਖ ਆਗੂਆਂ ਦੀ ਉਡੀਕ ਕੀਤੀ ਅਤੇ ਸ਼ਾਮ ਚਾਰ ਵਜੇ 10 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ।

ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਕਾਂਗਰਸ ਸਰਕਾਰ ਵੱਲੋਂ ਸਿੱਖ ਸ਼ਕਤੀ ਨੂੰ ਵੰਡਣ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਉਨ੍ਹਾਂ ਕਿਹਾ, ''ਹਰਿਆਣਾ 'ਚ ਵੱਖਰੀ ਕਮੇਟੀ ਬਣਾਉਣ ਨਾਲ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਭਾਰੀ ਠੇਸ ਪੁੱਜੇਗੀ। ਇਹ ਸੰਸਥਾ ਸਿੱਖ ਕੌਮ ਦੇ ਬਜ਼ੁਰਗਾਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ ਸਥਾਪਤ ਕੀਤੀ ਸੀ, ਜੋ ਇਸ ਵੇਲੇ ਦੁਨੀਆਂ 'ਚ ਵਸਦੇ ਹਰ ਸਿੱਖ ਨਾਲ ਮੁਸ਼ਕਲ ਦੀ ਘੜੀ ਵਿੱਚ ਖੜੀ ਹੁੰਦੀ ਹੈ ਅਤੇ ਹਰ ਸਿੱਖ ਮੁਸ਼ਕਲ ਦੀ ਘੜੀ ਵਿੱਚ ਇਸ ਵੱਲ ਵੇਖਦਾ ਹੈ, ਇਸ ਲਈ ਸ਼੍ਰੋਮਣੀ ਕਮੇਟੀ ਦੀ ਤਾਕਤ ਨੂੰ ਕਾਇਮ ਰੱਖਣ ਲਈ ਇਸ ਦੀ ਵੰਡ ਹੋਣ ਤੋਂ ਰੋਕਣਾ ਜ਼ਰੂਰੀ ਹੈ।''

ਉਨ੍ਹਾਂ ਸ਼੍ਰੋਮਣੀ ਕਮੇਟੀ ਦੀ ਵੰਡ ਕਰਨ ਵਾਲਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਕਾਂਗਰਸ ਦੀ ਭਰਾ ਮਾਰੂ ਜੰਗ ਤੋਂ ਬਚਣ ਲਈ ਸਮੂਹ ਸਿੱਖ ਸੁਚੇਤ ਹੋਣ ਅਤੇ ਉਸ ਦਾ ਸਾਥ ਨਾ ਦੇਣ।

# ਭਾਜਪਾ ਜਾਸੂਸੀ ਮਾਮਲਾ : ਸੀਨੀਅਰ ਅਮਰੀਕੀ ਡਿਪਲੋਮੈਟ ਤਲਬ



ਨਵੀਂ ਦਿੱਲੀ-ਅਮਰੀਕੀ ਐਨ. ਐਸ. ਏ. ਦੇ ਸਾਬਕਾ ਕਰਮਚਾਰੀ ਅਤੇ ਹੁਣ ਵਿਹਸਲਬਲੋਅਰ ਬਣੇ ਐਡਵਰਡ ਸਨੋਡੇਨ ਨੇ ਖੁਲਾਸਾ ਕੀਤਾ ਹੈ ਕਿ ਐਨ. ਐਸ. ਏ. ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਜਾਸੂਸੀ ਕਰਵਾਈ ਸੀ। ਸੂਤਰਾਂ ਅਨੁਸਾਰ ਇਸ ਮਾਮਲੇ 'ਚ ਵਿਦੇਸ਼ ਮੰਤਰਾਲੇ ਨੇ ਸੀਨੀਅਰ ਅਮਰੀਕੀ ਡਿਪਲੋਮੈਟਾਂ ਨੂੰ ਮਿਲਣ ਲਈ ਬੁਲਾਇਆ ਗਿਆ ਹੈ। ਦੱਸਿਆ ਜਾਂਦਾ ਹੈ ਕਿ ਇਹ ਸੰਮਨ ਭਾਜਪਾ ਜਾਸੂਸੀ ਵਿਵਾਦ 'ਚ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਖੁਲਾਸਾ ਹੋਇਆ ਕਿ ਵਿਸ਼ਵ ਦੇ ਛੇ ਡਿਪਲੋਮੈਟ ਦਲਾਂ 'ਚ ਭਾਜਪਾ ਵੀ ਸ਼ਾਮਲ ਹੈ, ਜਿਸਦੀ ਜਾਸੂਸੀ ਕਰਨ ਲਈ ਅਮਰੀਕਾ ਦੀ ਇਕ ਅਦਾਲਤ ਨੇ 2010 'ਚ ਨੈਸ਼ਨਲ ਸਿਕਉਰਿਟੀ ਏਜੰਸੀ (ਐਨ. ਐਸ. ਏ.) ਨੂੰ ਅਧਿਕਾਰਤ ਕੀਤਾ ਸੀ। ਇਸ ਗੱਲ ਦਾ ਖੁਲਾਸਾ ਇਕ ਗੁਪਤ ਦਸਤਾਵੇਜ਼ ਤੋਂ ਹੋਇਆ ਹੈ।

ਜਿਨ੍ਹਾਂ ਰਾਜਨੀਤਿਕ ਪਾਰਟੀਆਂ ਦੀ ਜਾਸੂਸੀ ਕਰਨ ਲਈ ਐਨ. ਐਸ. ਏ. ਨੂੰ ਅਧਿਕਾਰਤ ਕੀਤਾ ਗਿਆ ਸੀ. ਉਨ੍ਹਾਂ 'ਚੋਂ ਲੇਬਨਾਨ ਦੀ ਅਮਾਲ, ਵੇਨੇਜ਼ੁਏਲਾ ਦੀ ਬੋਲੀਵਰੀਅਨ ਕਾਂਟੀਨੈਂਟਲ ਕੋਆਰਡੀਨੇਟਰ, ਮਿਸਰ ਦੀ ਮੁਸਲਿਮ ਬ੍ਰਦਰਹੁੱਡ ਅਤੇ ਨੈਸ਼ਨਲ ਸਾਲਵੇਸ਼ਨ ਫਰੰਟ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਸ਼ਾਮਲ ਹਨ।

## ਕਾਨੂੰਨ ਤੇ 'ਕਲੀਨ ਚਿੱਟ'



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਝੂਠਿਆਂ ਦੀ ਬੱਲੇ ਬੱਲੇ ਹੋਈ ਜਾਂਦੀ ਐ
ਜਿਹਦੇ ਪੱਲੇ ਸੱਚ ਉਹਨੂੰ ਲੈਂਦੇ ਸਿੱਟ ਜੀ।
ਧਨ-ਧੌਂਸ ਵਾਲ਼ਿਆਂ ਦੀ ਸਾਰੇ ਪੁੱਗਦੀ
ਗਰੀਬ ਤੇ ਨਿਮਾਣਿਆਂ ਦੀ ਲੱਗੇ ਪਿੱਠ ਜੀ।
ਲੀਡਰਾਂ ਦੇ ਮਹਿਲ ਉਚੇ ਹੋਈ ਜਾਂਦੇ ਨੇ
ਹੇਠਾਂ ਜੋ 'ਗਰੀਬੀ ਰੇਖਾ'ਜਾਂਦੇ ਮਿਟ ਜੀ।
ਗਾਂਢਾ-ਸਾਂਢਾ ਜਿਹਦਾ ਕਿਸੇ ਨੇਤਾ ਨਾ਼ਲ ਨੀ
ਸੁਣੇ ਨਾ ਕੋਈ ਰੋਵੇ ਭਾਵੇਂ ਦੱਸੇ ਪਿੱਟ ਜੀ।
ਮੰਤਰੀ ਦਾ ਪੁੱਤ ਅੱਗੇ ਮੰਤਰੀ ਬਣੇ
ਐਰਾ-ਗੈਰਾ'ਨੱਥੂ'ਦੇਖੇ ਬਿਟ ਬਿਟ ਜੀ।
ਰੋਜ ਰੋਜ ਲੀਡਰਾਂ ਦੇ ਰੰਗ ਬਦਲੇ
ਹੋ ਕੇ ਸ਼ਰਮਿੰਦੀ ਦੇਖੇ ਗਿਰਗਿਟ ਜੀ।
ਰੋਸ ਤੇ ਮੁਜਾਹਰੇ ਕਿਹੜਾ ਗਿੱਟੇ ਭੰਨਦੇ
ਪੱਥਰਾਂ ਦੇ ਨਾ਼ਲ ਕੀ ਭਿੜੇ ਗੀ ਇੱਟ ਜੀ।
ਮਾੜੇ ਦੀ ਕਾਨੂੰਨ ਵੀ ਨਹੀਂ ਹਾਮੀ ਭਰਦਾ
ਮਾਇਆ ਧਾਰੀਆਂ ਦੇ ਮੋਹਰੇ ਜਾਂਦਾ ਲਿਟ ਜੀ।
ਸਿਆਸੀ ਠੱਗਾਂ ਕਾਤਲਾਂ ਨੂੰ ਬਾਹਰੋ ਬਾਹਰ ਹੀ
ਸੌਖੀ ਮਿ਼ਲ ਜਾਂਦੀ ਐ 'ਕਲੀਨ ਚਿੱਟ'ਜੀ!

## ਕੁਰਬਾਨੀ

ਦੇਖੋ ਵਰਤ ਰਿਹਾ
ਮਾੜਾ ਵਰਤਾਰਾ
ਤਗੜਾ ਸਰਕਰੀ ਸ਼ਹਿ ਤੇ ਹੈ
ਮਾੜਾ ਤਾਂ ਹੁਣ ਬੇਕਾਰ ਹੈ
ਅਕਲਾਂ ਵਾਲੇ ਘਰੀਂ ਬਿਠਾਏ ਜਾਂਦੇ
ਮੂਰਖ ਬਣਿਆ ਸਰਦਾਰ ਹੈ
ਯਤਨ ਨਾਲ ਵੀ ਗੱਲ ਹੋਵੇ ਨਾਪੂਰੀ
ਮੂਰਖ ਹੱਥ ਤੱਕੜੀ ਤੇ ਕਾਰ ਹੈ
ਚੁੱਪ ਕਰ ਜਾ ਬੋਲ ਨਾ ਏਥੇ
ਮੂਰਖ ਮੂੰਹ-ਫੱਟ ਲੜਮੇ ਨੂੰ ਤਿਆਰ ਹੈ
ਝੂਠ ਹੀ ਝੂਠ ਢੋਈ ਜਾਂਦੇ
ਝੂਠ ਪਰੋਸਦੇ ਝੂਠ ਹੀ ਖਾਂਦੇ
ਮਹੌਲ ਬੜਾ ਖਰਾਬ ਹੈ
ਆਪਣੀ ਚੋਧਰ ਚਲਾਈ ਜਾਂਦੇ
ਪ੍ਰਵਾਨਾ ਕੁਰਬਾਨੀ ਦੀ ਲੋੜ ਨਹੀਂ
ਝੂਠਿਆਂ ਦੀ ਸਰਕਾਰ ਹੈ।

**- ਪ੍ਰਮਿੰਦਰ ਸਿੰਘ ਪ੍ਰਵਾਨਾ**

## ਯੱਭਲ ਦੀਆਂ ਯੱਭਲੀਆਂ

ਢੋਲ ਢਮੱਕੇ ਸਾਰੇ ਚਲੇ ਗਏ,
ਲੱਥਾ ਚੋਣਾਂ ਦਾ ਹੈ ਬੁਖਾਰ ਡੀਅਰ।
ਨਖਰੇ ਵੋਟਰ ਦੇ ਹੁਣ ਨਾ ਕੋਈ ਝੱਲੇ,
ਆਖੇ ਉਸਨੂੰ ਨਾ ਕੋਈ ਯਾਰ ਡੀਅਰ।
ਐਮ.ਪੀ. ਕੋਠੀ ਦੇ ਵਿੱਚ ਜਾ ਵੜਿਆ,
ਆਖੇ ਵੋਟਰ ਨੂੰ ਚਲ ਤੂੰ ਬਾਹਰ ਡੀਅਰ।
5 ਸਾਲ ਪਿਛੋਂ 'ਯਭਲਾ' ਫੇਰ ਆਊਂ,
ਕਰ ਤਦ ਤਕ ਤੂੰ ਇੰਤਜ਼ਾਰ ਡੀਅਰ।


**- ਜੌਰਜ, ਲੰਮਾ ਪਿੰਡ, ਜਲੰਧਰ**

# ਮੋਦੀ ਸਰਕਾਰ ਦਾ ਇੱਕ ਮਹੀਨੇ ਦਾ ਰਿਪੋਰਟ ਕਾਰਡ ਮਹਿੰਗਾਈ ਥੱਲੇ ਦੱਬਣ ਵਾਲਾ-ਤੱਗੜ



ਫਗਵਾੜਾ (ਬੀ.ਕੇ.ਰੱਤੂ )- ਕੇਂਦਰ ਦੀ ਸ਼੍ਰੀ ਨਰਿੰਦਰ ਮੋਦੀ ਸਰਕਾਰ ਦੀ ਅਗਵਾਈ ਵਾਲੀ ਸਰਕਾਰ ਨੇ ਰੇਲ ਯਾਤਰੀ, ਮਾਲ ਭਾੜੇ, ਡੀਜ਼ਲ ਅਤੇ ਖੰਡ ਦੀਆਂ ਕੀਮਤਾਂ 'ਚ ਭਾਰੀ ਵਾਧਾ ਕਰਕੇ ਦੇਸ਼ ਦੀ ਜੰਤਾ ਨਾਲ ਵਿਸ਼ਵਾਸਘਾਤ ਕੀਤਾ ਹੈ।ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀਪੀਆਈ ਐਮ ਦੇ ਸੂਬਾ ਕਮੇਟੀ ਮੈਂਬਰ ਤੇ ਜ਼ਿਲ੍ਹਾ ਜਲੰਧਰ-ਕਪੂਰਥਲਾ ਦੇ ਐਕਟਿੰਗ ਸਕੱਤਰ ਲਹਿੰਬਰ ਸਿੰਘ ਤੱਗੜ ਨੇ ਪਾਰਟੀ ਦੇ ਆਗੂਆਂ ਨਾਲ ਮੀਟਿੰਗ ਕਰਨ ਉਪਰੰਤ ਟਾਊਨ ਹਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਤੱਗੜ ਨੇ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾ ਸ਼੍ਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨਾਅਰਾ ਦਿੱਤਾ ਸੀ ਕਿ "ਅੱਛੇ ਦਿਨ ਆਉਣ ਵਾਲੇ ਨੇ'' ਪਰ ਸਰਕਾਰ ਬਨਣ ਤੋਂ ਬਾਦ ਅੱਛੇ ਦਿਨ ਤਾਂ ਆਏ ਨਹੀਂ ਦੇਸ਼ ਵਾਸੀਆਂ ਦੇ ਬੁਰੇ ਦਿਨ ਜਰੂਰ ਸ਼ੁਰੂ ਹੋ ਗਏ ਹਨ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਰੇਲ ਯਾਤਰੀ, ਮਾਲ ਭਾੜੇ, ਖੰਡ ਤੇ ਡੀਜ਼ਲ ਅਤੇ ਪੰਜਾਬ ਸਰਕਾਰ ਨੇ ਬੱਸ ਕਿਰਾਏ 'ਚ ਭਾਰੀ ਵਾਧਾ ਕਰਕੇ ਪ੍ਰਦੇਸ਼ ਤੇ ਦੇਸ਼ ਦੀ ਜਨਤਾ ਨੂੰ ਮਹਿੰਗਾਈ ਦੇ ਬੋਝ ਥੱਲੇ ਦੱਬ ਕੇ ਕੇ ਰੱਖ ਦਿੱਤਾ ਹੈ। ਤੱਗੜ ਨੇ ਕਿਹਾ ਕਿ ਸ਼੍ਰੀ ਨਰਿੰਦਰ ਮੋਦੀ ਸਰਕਾਰ ਦਾ ਇੱਕ ਮਹੀਨੇ ਦਾ ਰਿਪੋਰਟ ਕਾਰਡ ਸਿਰਫ ਪੂੰਜੀਪੱਤੀਆਂ ਲਾਭ ਪਹੁੰਚਾਉਣ ਵਾਲਾ ਤੇ ਗਰੀਬਾਂ ਨੂੰ ਮਹਿੰਗਾਈ ਦੀ ਮਾਰ ਥੱਲੇ ਦੱਬਣ ਵਾਲਾ ਰਿਹਾ ਹੈ।ਤੱਗੜ ਨੇ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਾਰੂ ਦਿੱਤੀਆਂ ਖਿਲਾਫ 29 ਜੂਨ ਦਿਨ ਸ਼ਨੀਵਾਰ ਨੂੰ ਫਗਵਾੜਾ ਵਿਖੇ ਅਰਥੀ ਫੂਕ ਰੋਸ਼ ਮੁਜ਼ਾਹਰਾ ਕਾਮਰੇਡ ਗਿਆਨ ਸਿੰਘ ਮਲਕਪੁਰ ਦੀ ਅਗਵਾਈ ਹੇਠ ਕੀਤਾ ਜਾਵੇਗਾ।ਇਸ ਮੌਕੇ ਨਾਲ ਕਾਮਰੇਡ ਗਿਆਨ ਸਿੰਘ ਮਲਕਪੁਰ, ਲਛਮਣ ਸਿੰਘ ਜੋਹਲ, ਪ੍ਰਵੀਨ ਕੁਮਾਰ, ਦਰਸ਼ਨ ਭੰਮਰਾ, ਜਸਵੀਰ ਸਿੰਘ ਨਰੂੜ, ਰਾਮ ਲੁਭਾਇਆ, ਹਰਦੇਵ ਸਿੰਘ ਸਾਹਨੀ, ਸੁਰਿੰਦਰ ਸਿੰਘ ਮੇਹਟਾਂ, ਗੁਰ ਪ੍ਰਮਜੀਤ ਕੌਰ ਤੰਗੜ, ਬਲਵੀਰ ਸਿੰਘ ਮੇਹਟ, ਸੁਖਵਿੰਦਰ ਸਿੰਘ ਭੁੱਲਾਰਏ ਤੋਂ ਇਲਾਵਾ ਹੋਰ ਵੀ ਆਗੂ ਤੇ ਵਰਕਰ ਹਾਜ਼ਰ ਸਨ।

# ਸਾਬਕਾ ਐਮ. ਪੀ. ਹਰਭਜਨ ਸਿੰਘ ਲਾਖਾ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਂਟ



























ਬਹੁਜਨ ਸਮਾਜ ਪਾਰਟੀ ਦੇ ਮੋਢੀ ਸਾਹਿਬ ਸ਼੍ਰੀ ਕਾਂਸ਼ੀ ਰਾਮ ਦੇ ਨਜਦੀਕੀ ਬਹੁਜਨ ਸਮਾਜ ਦੇ ਸੰਘਰਸ਼ ਦੇ ਨਿਧੜਕ ਜਰਨੈਲ, ਬਸਪਾ ਖੇਮੇ 'ਚ "ਬਾਬਾ ਬੋਹੜ" ਦਾ ਖਿਤਾਬ ਪ੍ਰਾਪਤ, ਸਮਾਜਿਕ ਪਰਿਵਰਤਨ ਦੀ ਲਹਿਰ ਨੂੰ ਸਮਰਪਿਤ ਸਾਬਕਾ ਮੈਂਬਰ ਪਾਰਲੀਮੈਂਟ ਹਰਭਜਨ ਸਿੰਘ ਲਾਖਾ ਜਿਨ੍ਹਾਂ ਦਾ 11 ਜੂਨ 2014 ਨੂੰ ਦਿਹਾਂਤ ਹੋ ਗਿਆ ਸੀ ਉਹਨਾਂ ਦੇ ਨਮਿਤ ਬੰਗਾ 'ਚ ਉਹਨਾਂ ਦੇ ਗ੍ਰਹਿ ਵਿਖੇ ਸ਼੍ਰੀ ਅਖੰਡ ਪਾਠ ਦੇ ਭੋਗ ਉਪਰੰਤ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਬਹੁਜਨ ਸਮਾਜ ਦੇ ਇਸ ਮਹਿਬੂਬ ਆਗੂ ਨੂੰ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ, ਸਮਾਜਿਕ ਜਥੇਬੰਦੀਆਂ, ਧਾਰਮਿਕ ਸੰਗਠਨਾਂ, ਸਾਕ ਸਬੰਧੀਆਂ, ਸਨੇਹੀਆਂ ਅਤੇ ਬਹੁਜਨ ਸਮਾਜ ਦੇ ਮਿਸ਼ਨਰੀ ਆਗੂਆਂ ਵਲੋਂ ਉਹਨਾਂ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਸ਼ਰਧਾਂਜਲੀ ਸਮਾਰੋਹ ਤੋਂ ਪਹਿਲਾਂ ਸ਼੍ਰੀ ਦਰਬਾਰ ਸਾਹਿਬ ਅਮ੍ਰਿਤਸਰ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਹਜ਼ੂਰੀ ਰਾਗੀ ਭਾਈ ਹਰਨਾਮ ਸਿੰਘ ਜੀ ਦੇ ਜਥੇ ਵਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਉਪਰੰਤ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਨੇ ਦਮਦਮੀ ਟਕਸਾਲ ਅਤੇ ਸੰਤ ਸਮਾਜ ਵਲੋਂ ਸ. ਹਰਭਜਨ ਸਿੰਘ ਲਾਖਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਉਹਨਾਂ ਕਿਹਾ ਕਿ ਹਰਭਜਨ ਸਿੰਘ ਲਾਖਾ ਵਲੋਂ ਅਕਾਲ ਚਲਾਣਾ ਕਰਨ ਤੋਂ ਪੰਜ ਦਿਨ ਪਹਿਲਾਂ ਅਕਾਲ ਤਖ਼ਤ ਸਾਹਿਬ ਵਿਖੇ ਘੱਲੂਘਾਰਾ ਦਿਵਸ ਮੌਕੇ ਅਮ੍ਰਿਤ ਛਕ ਕੇ ਸਮਾਜ ਨੂੰ ਸਾਂਝੀਵਾਲਤਾ ਦਾ ਇੱਕ ਵੱਡਾ ਸੁਨੇਹਾ ਦੇ ਗਏ ਹਨ। ਸਮਾਰੋਹ ਵਿਚ ਪੰਜਾਬ ਦੇ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਵਲੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਭੇਜੇ ਗਏ ਸ਼ੋਕ ਸੰਦੇਸ਼ ਪੜ੍ਹੇ।



ਪੰਜਾਬ ਸਰਕਾਰ ਦੇ ਸੰਸਦੀ ਸਕੱਤਰ ਪਵਨ ਕੁਮਾਰ ਟੀਨੂੰ ਨੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕਿਹਾ ਕਿ ਸਾਡੇ ਮਾਰਗ ਦਰਸ਼ਕ ਲਾਖਾ ਜੀ ਨੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੇ ਹੱਕ ਵਿਚ ਜੀਵਨ ਭਰ ਨਿਰ ਸਵਾਰਥ ਭਾਵਨਾ ਨਾਲ਼ ਕੰਮ ਕੀਤਾ। ਉਹਨਾਂ ਨੂੰ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਅਸੀਂ ਸਭ ਰਲ ਮਿਲ ਕੇ ਉਹਨਾਂ ਦੀ ਸੋਚ ਨੂੰ ਘਰ ਘਰ ਪਹੁੰਚਾਉਣ ਲਈ ਇੱਕਮੁੱਠ ਹੋ ਕੇ ਕੰਮ ਕਰੀਏ। ਲਾਖਾ ਦੇ ਸਹਿਪਾਠੀ ਰਹੇ ਜੇ.ਡੀ. ਜੈਨ ਨੇ ਉਹਨਾਂ ਨਾਲ਼ ਜੁੜੀਆਂ ਯਾਦਾਂ ਸਾਝੀਆਂ ਕੀਤੀਆਂ। ਮਿਸ਼ਨਰੀ ਆਗੂ ਲਾਲ ਸਿੰਘ ਸਲਾਹਣੀ ਨੇ ਕਿਹਾ ਕਿ ਲਾਖਾ ਵਰਗੇ ਰਾਂਗਲੇ ਨਿਰਵੈਰ, ਬੇਦਾਗ਼ ਅਤੇ ਬੇਬਾਕ ਆਗੂ ਦਾ ਸਦੀਵੀ ਵਿਛੋੜਾ ਬਹੁਜਨ ਸਮਾਜ ਨੂੰ ਬੜਾ ਵੱਡਾ ਘਾਟਾ ਹੈ। ਲਾਖਾ ਨੇ ਘਰ ਬਾਰ ਪਰਿਵਾਰ ਦਾ ਖਿਆਲ ਛੱਡ ਕੇ ਸਮਾਜ ਦੀ ਬਿਹਤਰੀ ਲਈ ਸਾਰਾ ਜੀਵਨ ਲਗਾਇਆ। ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਲਾਖਾ ਅਤੇ ਸਾਹਿਬ ਕਾਂਸ਼ੀ ਰਾਮ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ। ਸ਼ਰਧਾਂਜਲੀ ਸਮਾਰੋਹ ਵਿਚ ਹਲਕਾ ਸ਼੍ਰੀ ਆਨੰਦਪੁਰ ਸਾਹਿਬ ਦੇ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਲਾਖਾ ਦੇ ਜੀਵਨ ਸੰਘਰਸ਼ ਅਤੇ ਸਮਾਜਿਕ ਬੇਹਤਰੀ ਲਈ ਕੀਤੇ ਕਾਰਜਾਂ ਨੂੰ ਸਲਾਹੁੰਦਿਆਂ ਹੋਇਆਂ ਹਲਕੇ ਵਿਚ ਉਹਨਾਂ ਦੀ ਯਾਦਗਾਰ ਬਣਾਉਣ ਦਾ ਐਲਾਨ ਕੀਤਾ। ਸ਼ਰਧਾਂਜਲੀ ਸਮਾਰੋਹ ਵਿਚ ਸਤਨਾਮ ਸਿੰਘ ਕੈਂਥ ਸਾਬਕਾ ਐਮ. ਪੀ. ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਹਰਪ੍ਰੀਤ ਸਿੰਘ ਦਹੇੜੂ , ਦਰਸ਼ਨ ਲਾਲ ਜੇਠੂਮਜਾਰਾ, ਪਰਦੀਪ ਕੁਮਾਰ,ਕਿਰਨਜੀਤ ਸਿੰਘ ਗਹਿਰੀ ਪ੍ਰਧਾਨ ਲੋਕ ਜਨਸ਼ਕਤੀ ਪਾਰਟੀ ਪੰਜਾਬ, ਸੁਰਿੰਦਰ ਕੁਮਾਰ ਦਾਊ ਰਾਮ ਰਤਨਾਕਰ ਛਤੀਸ਼ਗੜ੍ਹ, ਵੀ. ਗੋਪਾਲ ਬੈਂਗਲੌਰ, ਊਦਲ ਕਿਰਨ, ਬਲਵੰਤ ਸਿੰਘ ਹਿਮਾਚਲ ਪ੍ਰਦੇਸ਼, ਅਮਨ ਕੁਮਾਰ ਨਾਗਰਾ, ਫੂਲ ਸਿੰਘ ਬਰੱਇਆ ਸਾਬਕਾ ਆਈ ਏ ਐ ੱਸ, ਸੁਰਜੀਤ ਕੌਰ ਹਰਗੋਪਾਲ ਸਿੰਘ ਅਤੇ ਐਸ. ਐਲ.ਵਿਰਦੀ ਨੇ ਆਪਣੇ ਵਿਚਾਰਾਂ ਵਿਚ ਹਰਭਜਨ ਸਿੰਘ ਲਾਖਾ ਦੇ ਦਲਿਤ ਸਮਾਜ ਵਿਚ ਜਾਗ੍ਰਿਤੀ ਦੀ ਮਿਸ਼ਾਲ ਜਗਾਉਣ ਅਤੇ ਜਾਗਰੂਕ ਕਰਨ ਦੇ ਪਾਏ ਵਡਮੁੱਲੇ ਯੋਗਦਾਨ ਪਾਉਣ ਅਤੇ ਉਹਨਾਂ ਦੇ ਸਮਾਜਿਕ ਬਰਾਬਰੀ ਦੇ ਸੰਕਲਪ ਨੂੰ ਪੂਰਾ ਕਰਨ ਲਈ ਵਚਨਬੱਧ ਅਤੇ ਇੱਕਜੁਟ ਹੋ ਕੇ ਕੰਮ ਕਰਨ ਦਾ ਪ੍ਰਣ ਕੀਤਾ।

ਸ਼ਰਧਾਂਜਲੀ ਸਮਾਰੋਹ ਵਿਚ ਵੱਖ ਵੱਖ ਆਗੂਆਂ ਅਤੇ ਸਮਾਜਿਕ ਜਥੇਬੰਦੀਆਂ ਵਲੋਂ ਸ਼ੋਕ ਸੰਦੇਸ਼ ਭੇਜੇ ਗਏ। ਇਸ ਮੌਕੇ ਹਰਭਜਨ ਲਾਖਾ ਦੇ ਭਰਾ ਸ਼ਿੰਗਾਰਾ ਰਾਮ ਲਾਖਾ ਆਈ.ਏ. ਐ ੱਸ., ਭੈਣ ਹਰਭਜਨ ਕੌਰ ਯੂ. ਕੇ., ਦਾਮਾਦ ਜਸਵੰਤ ਰਾਏ ਆਈ.ਆਰ.ਐੱਸ ਭਤੀਜੇ ਹਰਮੇਸ਼ ਲਾਖਾ ਬਾਰ ਐਟ ਲਾਅ ਯੂ. ਕੇ., ਰੇਸ਼ਮ ਲਾਖਾ ਯੂ. ਕੇ.,ਜਰਨੈਲ ਲਾਖਾ ਯੂ.ਐਸ. ਏ., ਅਜੀਤ ਦੂੱਗਲ, ਸੰਤ ਸਤਵਿੰਦਰ ਸਿੰਘ ਹੀਰਾ, ਸੰਤ ਸੁਖਦੇਵ ਸਿੰਘ , ਸਾਹਿਬ ਕਾਂਸ਼ੀ ਰਾਮ ਦੇ ਭਰਾ ਦਰਬਾਰਾ ਸਿੰਘ, ਪਾਖਰ ਸਿੰਘ ਨਿਮਾਣਾ,ਪ੍ਰਿੰਸੀਪਲ ਧਰਮ ਸਿੰਘ, ਸਾਬਕਾ ਵਿਧਾਇਕ ਮੋਹਨ ਸਿੰਘ ਬੰਗਾ, ਗੁਰਬਖ਼ਸ਼ ਸਿੰਘ ਖਾਲਸਾ, ਕਰਮਜੀਤ ਸਿੰਘ ਕਰਨਾਣਾ, ਤੀਰਥ ਸਿੰਘ ਚਾਹਲ, ਬੁੱਧ ਸਿੰਘ ਬਲਾਕੀਪੁਰ, ਹਰਪਾਲ ਸਿੰਘ ਚੀਮਾ, ਹੰਸ ਰਾਜ ਡੀ.ਐਸ.ਪੀ. ਬੰਗਾ, ਪ੍ਰਵੀਨ ਬੰਗਾ, ਬਲਵਿੰਦਰ ਪਾਲ, ਪ੍ਰਕਾਸ਼ ਸਿੰਘ ਜੰਡਾਲੀ, ਸੋਹਨ ਲਾਲ ਢੰਡਾ, ਓਮ ਪ੍ਰਕਾਸ਼ ਲਾਖਾ, ਪਿਆਰੇ ਲਾਲ ਲਾਖਾ ਐ ੱਸ.ਡੀ.ਓ., ਜਸਵਿੰਦਰ ਜੱਸੀ, ਜਗਤਾਰ ਬੀਕਾ, ਹਰਨਾਮ ਸਿੰਘ ਬਹਿਲਪੁਰੀ, ਬਾਬੂ ਅਜੀਤ ਰਾਮ ਗੁਣਾਚੌਰ, ਸੀਤਲ ਦਾਦਰਾ, ਪਰਮ ਸਰੋਏ, ਮੈਂਬਰ ਜ਼ਿਲ੍ਹਾ ਪਰਿਸ਼ਦ ਰਾਕੇਸ਼ ਕੁਮਾਰ ਕਰਨਾਣਾ, ਮੈਂਬਰ ਜ਼ਿਲ੍ਹਾ ਪਰਿਸ਼ਦ ਸੁਰਜੀਤ ਸਿੰਘ ਝਿੰਗੜ, ਲਵਦੀਪ ਕੁਮਾਰ ਸਰਪੰਚ ਕਰਨਾਣਾ ਅਤੇ ਮੋਹਨ ਬੀਕਾ ਸ਼ਰਧਾਂਜਲੀ ਸਮਾਰੋਹ ਵਿਚ ਸ਼ਾਮਲ ਹੋਏ।

ਸ਼ਰਧਾਂਜਲੀ ਸਮਾਰੋਹ ਵਿਚ ਪੰਮੀ ਲਾਲੋ ਮਜ਼ਾਰਾ ਅਤੇ ਸੰਤੋਖ ਸਿੰਘ ਜੱਸੀ ਵਲੋਂ ਤਿਆਰ "ਸ਼ਰਧਾਂਜਲੀ" ਕਿਤਾਬਚਾ ਵੀ ਜਾਰੀ ਕੀਤਾ ਗਿਆ।

ਸ਼ਰਧਾਂਜਲੀ ਸਮਾਰੋਹ 'ਚ ਸਟੇਜ ਸੰਚਾਲਕ ਸ਼ਿੰਗਾਰਾ ਰਾਮ ਸਹੂੰਗੜਾ ਨੇ ਵੱਖ ਵੱਖ ਬੁਲਾਰਿਆਂ ਨੂੰ ਪੇਸ਼ ਕਰਨ ਦੌਰਾਨ ਜੋਸ਼ੀਲੇ ਭਾਸ਼ਣ ਵਿਚ ਲਾਖਾ ਜੀ ਦੇ ਜੀਵਨ ਦੇ ਮਿਸ਼ਨ ਨੂੰ ਪੂਰਾ ਕਰਨ ਦਾ ਅਹਿਦ ਲਿਆ ਅਤੇ ਹੋਰ ਟਕਸਾਲੀ ਆਗੂਆਂ ਨੂੰ ਇਸ ਉਦੇਸ਼ ਦੀ ਪੂਰਤੀ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਹਰਭਜਨ ਲਾਖਾ ਦੇ ਸਪੁੱਤਰਾਂ ਕਮਲਜੀਤ ਲਾਖਾ, ਪਰਮਜੀਤ ਲਾਖਾ, ਰਸ਼ਪਾਲ ਲਾਖਾ ਨੇ ਪਰਿਵਾਰ ਵਲੋਂ ਸਰਧਾਂਜਲੀ ਸਮਾਰੋਹ ਵਿਚ ਸ਼ਾਮਲ ਹੋਏ ਸਾਰੇ ਆਗੂਆਂ, ਰਿਸ਼ਤੇਦਾਰਾਂ ਅਤੇ ਸਨੇਹੀਆਂ ਦਾ ਧੰਨਵਾਦ ਕੀਤਾ।

**ਫੋਟੋਆਂ ਤੇ ਰਿਪੋਰਟ–**
**ਰੇਸ਼ਮ ਕਰਨਾਣਵੀ (9815880104)**

## ਸਵ: ਹਰਭਜਨ ਸਿੰਘ ਲਾਖਾ ਦੀ ਯਾਦ 'ਚ ਪਰਿਵਾਰ ਵਲੋਂ ਗੁਰਦੁਆਰਾ ਸਾਹਿਬ ਲਈ 1 ਲੱਖ ਰੁ: ਭੇਂਟ

ਸਾਬਕਾ ਸੰਸਦ ਮੈਂਬਰ ਸਵ: ਹਰਭਜਨ ਸਿੰਘ ਲਾਖਾ ਦੀ ਯਾਦ ਵਿਚ ਉਨ੍ਹਾਂ ਦੇ ਪਰਿਵਾਰ ਵਲੋਂ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਪਿੰਡ ਕਰਨਾਣਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਬੰਧਕੀ ਕਮੇਟੀ ਨੂੰ ਭੇਂਟ ਕੀਤਾ। ਗੁਰਬਤ ਦੇ ਦਿਨ ਹੰਢਾਉਦੇ ਦਲਿਤ ਪਰਿਵਾਰ ਵਿਚ ਜਨਮੇ ਅਤੇ ਪਿੰਡ ਦੀ ਇਕਾਈ ਤੋਂ ਉ ੱਠ ਕੇ ਸਮਾਜਿਕ ਅਤੇ ਰਾਜਨੀਤਕ ਸੰਘਰਸ਼ ਦੇ ਸਦਕਾ ਦੋ ਵਾਰ ਮੈਂਬਰ ਪਾਰਲੀਮੈਂਟ ਬਣੇ ਸਵ. ਲਾਖਾ 11 ਜੂਨ 2014 ਨੂੰ ਅਕਾਲ ਚਲਾਣਾ ਕਰ ਗਏ ਸਨ। 22 ਜੂਨ ਨੂੰ ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ ਮੌਕੇ ਵੱਖ ਵੱਖ ਪਾਰਟੀਆਂ ਤੇ ਸਮਾਜਿਕ ਸੰਸਥਾਵਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ ਸਨ।



ਗੁਰਦੁਆਰਾ ਸਾਹਿਬ ਦੇ ਸਾਂਝੇ ਕਾਰਜਾਂ ਹਿੱਤ ਇੱਕ ਲੱਖ ਰੁਪਏ ਦੀ ਨਕਦ ਰਾਸ਼ੀ ਸਵ. ਲਾਖਾ ਦੇ ਵੱਡੇ ਸਪੁੱਤਰ ਕਮਲਜੀਤ ਸਿੰਘ ਲਾਖਾ ਨੇ ਭੇਂਟ ਕੀਤੀ। ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕੀ ਕਮੇਟੀ ਕਰਨਾਣਾ ਤੇ ਹੋਰ ਪਤਵੰਤਿਆਂ ਵਲੋਂ ਲਾਖਾ ਦੇ ਪਰਿਵਾਰ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਹਰਭਜਨ ਲਾਖਾ ਨੇ ਸਮਾਜਿਕ ਕਾਰਜਾਂ ਅਤੇ ਲੋਕਾਂ ਨੂੰ ਜਾਗਰੂਕ ਕਰ ਕੇ ਸਾਡੇ ਪਿੰਡ ਕਰਨਾਣਾ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ, ਸਕੱਤਰ ਜਸਵੀਰ ਸਿੰਘ ਧੀਰ, ਓਮ ਪ੍ਰਕਾਸ਼ ਲਾਖਾ, ਗਿਆਨ ਚੰਦ ਧੀਰ, ਪਰਮਜੀਤ ਸਿੰਘ, ਕਰਨੈਲ ਸਿੰਘ ਧੀਰ, ਜਗਤਾਰ ਬੀਕਾ, ਹੈ ੱਡ ਗ੍ਰੰਥੀ ਗੁਰਚਰਨ ਸਿੰਘ, ਵਿਜੇ ਕੁਮਾਰ ਬੰਗੜ ਅਤੇ ਪਰਮਜੀਤ ਸਰੋਆ ਹਾਜ਼ਰ ਸਨ ।

**– ਰੇਸ਼ਮ ਕਰਨਾਣਵੀ**

# ਦਲਿਤਾਂ ਦੇ ਬਾਬਾ ਬੋਹੜ ਹਰਭਜਨ ਲਾਖਾ ਜੀ ਮਿਹਨਤੀ ਨੇਤਾ ਸਨ



ਸਤਨਾਮ ਸਿੰਘ
94170-71532

ਪਾਖੰਡਵਾਦ ਸਾਡੇ ਦੇਸ਼ ਦੇ ਮੂਲ ਨਿਵਾਸੀਆਂ ਦੱਬੇ ਕੁਚਲੇ ਸਮਾਜ ਵਾਸਤੇ ਪੁਰਾਤਨ ਸਮੇਂ ਤੋਂ ਹੀ ਇੱਕ ਵੱਡੀ ਤੇ ਅਹਿਮ ਚੁਣੌਤੀ ਬਣਕੇ ਸਾਹਮਣੇ ਆਇਆ ਹੈ। ਗਰੀਬ ਤੇ ਬੇਬੱਸ ਸਮਾਜ ਨੂੰ ਲਤਾੜੇ ਜਾਣ ਦਾ ਮੁੱਖ ਕਾਰਨ ਇਹ ਵੀ ਹੈ ਕਿ ਅਸੀਂ ਅਕਸਰ ਹੀ ਆਪਣਾ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਤੇ ਸਰੀਰਕ ਸ਼ੋਸਣ ਇਸ ਬ੍ਰਾਹਮਣਵਾਦ ਰੂਪੀ ਰਾਖਸ਼ਸ ਤੋਂ ਕਰਵਾਉਂਦੇ ਰਹੇ ਹਾਂ ਤੇ ਅੱਜ ਵੀ ਕਰਵਾ ਰਹੇ ਹਾਂ। ਇਹ ਸਾਡੇ ਸਮਾਜ ਦੀ ਤ੍ਰਾਸਦੀ ਹੈ ਕਿ ਅਸੀਂ ਅੱਜ ਵਿਗਿਆਨ ਦੇ ਯੁੱਗ ਵਿੱਚ ਪ੍ਰਵੇਸ਼ ਕਰਕੇ ਵੀ ਬ੍ਰਾਹਮਣਵਾਦ ਦੇ ਚਲਾਏ ਗਏ ਕਰਮ ਕਾਂਡਾਂ ਦੇ ਚੱਕਰਵਿਊ ਵਿੱਚ ਬਹੁਤ ਹੀ ਬੁਰੀ ਤਰ੍ਹਾਂ ਨਾਲ ਫਸੇ ਪਏ ਹਾਂ ਤੇ ਛੱਟਪੱਟਾ ਰਹੇ ਹਾਂ। ਬ੍ਰਾਹਮਣਵਾਦ ਦੇ ਮੱਕੜ ਜਾਲ ਵਿੱਚੋਂ ਅਗਰ ਸਾਨੂੰ ਕੋਈ ਵੀਕੱਢਣ ਦੀ ਮਦਦ ਵੀ ਕਰਦਾ ਹੈ ਤਾਂ ਅਸੀਂ ਸਾਰਾ ਜ਼ੋਰ ਲਗਾ ਕੇ ਉਸਦੇ ਪਿੱਛੇ ਪੈ ਜਾਂਦੇ ਹਾਂ ਕਿ ਤੂੰ ਕੌਣ ਹੁੰਦਾ ਹੈ, ਸਾਡਾ ਭਲਾ ਕਰਨ ਵਾਲਾ ਉਸਨੂੰ ਇਹ ਲੋਕ ਆਪਣਾ ਨੰਬਰ ਇੱਕ ਦੁਸ਼ਮਣ ਸਮਝਣ ਵਿੱਚ ਇੰਨੀ ਵੀ ਦੇਰ ਨਹੀ ਕਰਦੇ।

ਬ੍ਰਾਹਮਣਵਾਦ ਇੱਕ ਅਜਿਹੀ ਬਿਮਾਰੀ ਹੈ ਜ਼ੋ ਸਾਨੂੰ ਛੱਡਣ ਨੂੰ ਭੋਰਾ ਵੀ ਜੀਅ ਨਹੀ ਕਰਦਾ, ਪੈਰ ਪੈਰ ਤੇ ਅਸੀਂ ਮੱਕੜ ਜਾਲ ਵਿੱਚ ਬੁਰੀ ਤਰ੍ਹਾਂ ਉਲਝੇ ਪਏ ਹਾਂ। ਸਾਨੂੰ ਇਸ ਮੱਕੜ ਜਾਲ ਤੋਂ ਮੁਕਤ ਕਰਵਾਉਣ ਵਾਲਾ ਦੁਸ਼ਮਣ ਤੇ ਆਪਣਾ ਮਤਲਬ ਹੱਲ ਕਰਨ ਵਾਲਾ ਨਜਰੀ ਪੈਂਦਾ ਹੈ। ਇਸ ਲਈ ਅਸੀਂ ਨਾਂ ਤਾਂ ਡਾ.ਅੰਬੇਦਕਰ, ਨਾਂ ਹੀ ਸਾਹਿਬ ਕਾਸ਼ੀ ਰਾਮ ਤੇ ਪੂਰਨ ਰੂਪ ਵਿੱਚ ਭਰੋਸਾ ਕਰ ਸਕੇ। ਇਹ ਦੋਨੋ ਮਹਾਂਪੁਰਸ਼ਾਂ ਤਾਂ ਦਲਿਤ ਸਮਾਜ ਨੂੰ ਫਰਜ ਨਿਭਾ ਕੇ ਆਪਣੇ ਆਪਣੇ ਤੌਰ ਤੇ ਜਾਗਰੂਕ ਕਰਦੇ ਚਲੇ ਗਏ। ਪਰ ਅਸੀਂ ਅੱਜ ਤੱਕ ਬ੍ਰਾਹਮਣਵਾਦ ਦੀ ਚੱਕੀ ਵਿੱਚ ਪਿਸਦੇ ਜਾ ਰਹੇ ਹਾਂ। ਜਿੱਥੇ ਸਾਡਾ ਕੋਈ ਬਾਲੀ ਵਾਰਿਸ ਨਹੀ ਹੈ। ਇਹ ਮਹਾਂਪੁਰਸ਼ਾਂ ਆਪਣੀ ਆਪਣੀ ਵਾਰੀ ਨਿਭਾ ਕੇ ਚਲੇ ਗਏ ਤੇ ਦਲਿਤ ਸਮਾਜ ਨਾਂ ਇਨ੍ਹਾਂ ਦੇ ਜਿਊਂਦੇ ਜੀਅ ਕੋਈ ਕਰਿਸ਼ਮਾ ਕਰਕੇ ਵਿਖਾਂ ਸਕਿਆਂ ਤੇ ਨਾਂ ਹੀ ਅੱਜ ਇਨ੍ਹਾਂ ਦੇ ਜਾਣ ਪਿੱਛੋਂ ਕੋਈ ਕਰਿਸ਼ਮਾ ਕਰ ਸਕਿਆ।

ਇਨ੍ਹਾਂ ਇਤਿਹਾਸਿਕ ਮਹਾਂਪੁਰਸ਼ਾਂ ਦੀ ਕੁਰਬਾਨੀ ਵਿੱਚੋਂ ਅਨੇਕਾਂ ਦਲਿਤ ਸਮਾਜ ਦੇ ਨੇਤਾਵਾਂ ਨੇ ਦਲਿਤ ਸਮਾਜ ਦਾ ਉਧਾਰ ਕਰਨ ਵਾਸਤੇ ਜਨਮ ਲਿਆ। ਉਹ ਨੇਤਾ ਇਨ੍ਹਾਂ ਰੱਬ ਰੂਪ ਮਹਾਂਪੁਰਸ਼ਾਂ ਦੇ ਪਏ ਪੂਰਨਿਆ ਤੇ ਚੱਲ ਕੇ ਦਲਿਤ ਸਮਾਜ ਦੇ ਭਲੇ ਵਾਸਤੇ ਦਿਨ ਰਾਤ ਸਖਤ ਮਿਹਨਤ ਕਰਦੇ ਰਹੇ। ਅੱਜ ਇਸ ਸਮੇਂ ਇੱਥੋਂ ਤੱਕ ਦਲਿਤ ਸਮਾਜ ਤੂੰ ਲਿਆ ਖੜ੍ਹਾ ਕੀਤਾ ਹੈ ਕਿ ਮਜਦੂਰ ਲੋਕ ਆਪਣੇ ਹੱਕ ਮੰਗਣ ਵਾਸਤੇ ਤੁਰ ਪਏ ਹਨ ਤੇ ਸਨ। ਦਲਿਤ ਸਮਾਜ ਦੇ ਮਹਾਨ ਨਾਇਕ ਸਾਹਿਬ ਕਾਸ਼ੀ ਰਾਮ ਨੇ ਅਜਿਹੇ ਹੀਰੇ ਤਰਾਸ਼ ਕੇ ਜਨਤਾ ਦੀ ਕਚਹਿਰੀ ਵਿੱਚ ਪੇਸ਼ ਕੀਤੇ ਕਿ ਜ਼ੋ ਲੋਕਾਂ ਦੇ ਮਨਾਂ ਵਿੱਚ ਅਮਿੱਟ ਯਾਦਾਂ ਛੱਡ ਗਏ। ਇਨ੍ਹਾਂ ਤਰਾਸ਼ਿਆ ਹੋਇਆ ਹੀਰਿਆਂ ਵਿੱਚੋਂ ਇੱਕ ਹੀਰਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਕਰਨਾਣਾ ਪਿਤਾ ਰਾਮ ਲੋਕ ਅਤੇ ਮਾਤਾ ਆਤੀ ਦੇ ਘਰ ਜਨਮਿਆ ਤੇ ਸਮੇਂ ਮੁਤਾਬਿਕ ਉਸ ਦਾ ਨਾਮ ਹਰਭਜਨ ਰਾਮ ਰੱਖਿਆ ਗਿਆ ਤੇ ਲਾਖਾ ਗੋਤਰ ਹੋਣ ਕਰਕੇ ਪੂਰਾ ਨਾਮ ਹਰਭਜਨ ਲਾਖਾ ਹੋ ਗਿਆ। ਹਰਭਜਨ ਲਾਖਾ ਨੇ ਉੱਚ ਵਿਦਿਆ ਹਾਸਿਲ ਕਰਕੇ ਏਅਰ ਫੋਰਸ ਦੀ ਨੌਕਰੀ ਕਰ ਲਈ। ਨੌਕਰੀ ਪੂਰਾ ਸਮਾਂ ਤਾਂ ਕੀ ਕਰਨੀ ਸੀ ਕਿ ਆਪ ਜੀ ਦੀ ਮੁਲਾਕਾਤ ਦਲਿਤ ਸਮਾਜ ਦੇ ਮਕਬੂਲ ਨੇਤਾ ਸਾਹਿਬ ਕਾਸ਼ੀ ਰਾਮ ਨਾਲ ਹੋਈ। ਜਿਨ੍ਹਾਂ ਆਪ ਜੀ ਨੂੰ ਬਾਰੀਕੀ ਨਾਲ ਬ੍ਰਾਹਮਣਵਾਦ ਵਲੋਂ ਚਲਾਈਆ ਜਾ ਰਹੀਆਂ ਚਾਲਾਂ ਤੇ ਪਾਖੰਡਵਾਦ ਤੋਂ ਚੰਗੀ ਤਰ੍ਹਾਂ ਜਾਣੂ ਕਰਵਾਇਆ। ਸਾਹਿਬ ਕਾਸ਼ੀ ਰਾਮ ਦੇ ਮੂੰਹੋਂ ਦਲਿਤ ਸਮਾਜ ਦੀ ਪ੍ਰਗਤੀ ਲਈ ਬ੍ਰਾਹਮਣਵਾਦ ਦੇ ਮੱਕੜ ਜਾਲ ਨੂੰ ਤੋੜਨ ਵਾਸਤੇ ਵਜਨਦਾਰ ਗੱਲਾਂ ਸੁਣਕੇ ਹਰਭਜਨ ਲਾਖਾ ਦੇ ਹੋਸ਼ ਉੱਡ ਗਏ ਤੇ ਸਾਹਿਬ ਕਾਸ਼ੀ ਰਾਮ ਨਾਲ ਵਚਨ ਕੀਤਾ ਕਿ ਉਹ ਜਦੋਂ ਤੱਕ ਜਿਊਂਦੇ ਰਹਿਣਗੇ ਇਸ ਦੱਬੇ ਕੁਚਲੇ ਸਮਾਜ ਦੀ ਸੇਵਾ ਜੀਅ ਜਾਨ ਨਾਲ ਕਰਨਗੇ। ਆਪ ਜੀ ਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਦਲਿਤ ਸਮਾਜ ਦੀ ਜੀਅ ਜਾਨ ਨਾਲ ਸੇਵਾ ਕਰਨ ਲੱਗ ਪਏ। ਸਮਾਜ ਦੀ ਸੇਵਾ ਕਰਨ ਦਾ ਹਰਭਜਨ ਲਾਖਾ ਜੀ ਤੇ ਅਜਿਹਾ ਭੂਤ ਸਵਾਰ ਹੋਇਆ ਕਿ ਨਾਂ ਦਿਨ ਚੈਨ ਤੇ ਨਾਂ ਤਾਂ ਰਾਤ ਨੂੰ ਅਰਾਮ ਕਰਨ ਦਾ ਸਮਾਂ ਸੀ ਬੱਸ ਇੱਕ ਹੀ ਫਿਕਰ ਸੀ ਕਿ ਹੱਲ ਨਾਲ ਮੇਰੇ ਸਮਾਜ ਦਾ ਕਿਸੇ ਨਾ ਕਿਸੇ ਤਰੀਕੇ ਨਾਲ ਭਲਾ ਹੋ ਜਾਵੇ ਤੇ ਮੇਰਾ ਸਮਾਜ ਵੀ ਬਾਕੀ ਦੁਨੀਆ ਵਾਂਗ ਬਰਾਬਰ ਸਮਝਿਆ ਜਾਣ ਲੱਗ ਪਵੇ। ਸਾਹਿਬ ਕਾਸ਼ੀ ਰਾਮ



ਜੀ ਨੇ ਜਿਆਦਾ ਸਮਾਂ ਹਰਭਜਨ ਲਾਖਾ ਜੀ ਨੂੰ ਗਰੈਜੂਏਟ ਹੋਣ ਕਰਕੇ ਕਹੀ ਗੱਲ ਨੂੰ ਜਲਦੀ ਸਮਝਦਾ ਹੋਣ ਕਰਕੇ ਆਪਣੇ ਨਾਲ ਹੀ ਰੱਖਿਆ ਤੇ ਸਮਾਜ ਦੀਆਂ ਗੁੱਝੀਆ ਸੁਣਾ ਸੁਣਾ ਕੇ ਹਰਭਜਨ ਲਾਖਾ ਜੀ ਨੂੰ ਸਮਾਜ ਦੀ ਸਹੀ ਜਾਣਕਾਰੀ ਨਾਲ ਭਰਪੂਰ ਕਰ ਦਿੱਤਾ। ਆਪਣੀ ਲਿਆਕਤ ਤੇ ਸਿਆਣਪ ਨਾਲ ਹਰਭਜਨ ਲਾਖਾ ਜੀ ਛੇਤੀ ਨਾਲ ਦਲਿਤ ਅਤੇ ਪਿਛੜੇ ਸਮਾਜ ਵਿੱਚ ਹਰਮਨ ਪਿਆਰੇ ਹੋ ਗਏ ਸਾਹਿਬ ਕਾਸ਼ੀ ਰਾਮ ਜੀ ਨਾਲ ਆਪ ਜੀ ਨੇ ਸਾਈਕਲ ਯਾਤਰਾ ਵੀ ਕੀਤੀ ਤੇ ਪੂਰੇ ਦੇਸ਼ ਦੇ ਘੁੰਮ ਫਿਰ ਕੇ ਵੇਖ ਕੇ ਆਣਾ ਮਨ ਸਮਾਜ ਦੀ ਸੇਵਾ ਕਰਨ ਵਾਸਤੇ ਹੋਰ ਪੱਕਾ ਕਰ ਲਿਆ। ਹਰਭਜਨ ਲਾਖਾ ਜੀ ਦਿਨ ਰਾਤ ਸਮਾਜ ਦੀ ਸੇਵਾ ਵਿੱਚ ਲੱਗੇ ਰਹਿੰਦੇ ਸਨ। ਜਿਸ ਕਰਕੇ ਆਪ ਜੀ ਦੀ ਮਾਤਾ ਜੀ ਨੂੰ ਬਹੁਤ ਇਤਰਾਜ ਹੋਇਆ। ਕਿਉਂਕਿ ਆਪ ਜੀ ਦੀ ਮਾਤਾ ਜੀ ਨੂੰ ਸਾਹਿਬ ਕਾਸ਼ੀ ਰਾਮ ਜੀ ਦੇ ਬਾਰੇ ਉਨ੍ਹਾਂ ਦੁਆਰਾ ਬਣਾਈਆ ਜਾ ਰਹੀਆਂ ਵਿਉਂਤਾਂ ਬਾਰੇ ਰੱਤੀ ਭਰ ਵੀ ਜਾਣਕਾਰੀ ਨਹੀ ਸੀ। ਇਸ ਮਾਤਾ ਆਤੀ ਵਿਹੜੇ ਮੁਹੱਲੇ ਦੀਆਂ ਔਰਤਾਂ ਨੂੰ ਹਰ ਵੇਲੇ ਕਿਹਾਂ ਕਰਦੀ ਸੀ ਕਿ ਕਾਸ਼ੀ ਰਾਮ ਨੇ ਪਤਾ ਨਹੀ ਕਿਸੇ ਸਾਧ ਤੋਂ ਲਿਆ ਕੇ ਮੇਰੇ ਪੁੱਤ ਨੂੰ ਕੀ ਕਰਵਾ ਦਿੱਤਾ, ਜ਼ੋ ਕਿ ਆਪਣੀ ਨੌਕਰੀ ਛੱਡ ਕੇ ਘਰ ਵਾਰ ਛੱਡ ਕੇ ਸਾਧੂਆਂ ਵਰਗਾ ਬਣ ਗਿਆ ਹੈ। ਨਾਂ ਦਿਨ ਘਰ ਵੜ੍ਹਦਾ ਹੈ ਤੇ ਨਾਂ ਰਾਤਾਂ ਨੂੰ ਸੌਣ ਵਾਸਤੇ ਘਰ ਬਹੁੜਦਾ ਹੈ। ਹਰਭਜਨ ਲਾਖਾ ਜੀ ਦਾ ਸਾਰਾ ਪਰਿਵਾਰ ਉੱਚ ਦਰਜੇ ਦੀ ਪੜ੍ਹਾਈ ਪ੍ਰਾਪਤ ਪਰਿਵਾਰ ਸੀ ਤੇ ਆਪ ਜੀ ਦਾ ਇੱਕ ਭਰਾ ਆਈ .ਏ .ਐ ੱਸ .ਦੀ ਨੌਕਰੀ ਕਰਕੇ ਦੇਸ਼ ਦੀ ਸੇਵਾ ਕਰ ਕੇ ਵੀ. ਸੀ. ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ ਹੈ। ਹਰਭਜਨ ਲਾਖਾ ਜੀ ਦਾ ਵਿਆਹ ਸ਼੍ਰੀਮਤੀ ਚਰਨ ਕੌਰ ਜੀ ਨਾਲ ਹੋਇਆ ਸੀ ਤੇ ਆਪ ਜੀ ਦੀ ਪਤਨੀ ਪੜ੍ਹੇ ਲਿਖੇ ਪਰਿਵਾਰ ਦੀ ਹੋਣ ਕਰਕੇ ਬਹੁਤ ਹੀ ਸੂਝ-ਬੂਝ ਤੇ ਸਿਆਣਪ ਵਾਲੀ ਸੀ। ਹਰਭਜਨ ਲਾਖਾ ਜੀ ਆਪਣੀ ਪਤਨੀ ਚਰਨ ਕੌਰ ਬਾਰੇ ਸਦਾ ਆਖਿਆ ਕਰਦੇ ਸਨ ਅਗਰ ਮੇਰੀ ਪਤਨੀ ਮੇਰੇ ਵਰਗੇ ਸਾਧੂ ਸੁਭਾਅ ਦੀ ਨਾ ਹੁੰਦੀ ਤੇ ਮੇਰੇ ਕਹੇ ਅਨੁਸਾਰ ਨਾਂ ਚੱਲਣ ਵਾਲੀ ਹੁੰਦੀ ਤਾਂ ਸਾਡੀ ਗ੍ਰਿਹਸਥੀ ਕਦੋਂ ਦੀ ਬਰਬਾਦ ਹੋ ਗਈ ਹੁੰਦੀ। ਹਰਭਜਨ ਲਾਖਾ ਜੀ ਦੀ ਪਤਨੀ ਵੀ ਮਿਸ਼ਨਰੀ ਪਰਿਵਾਰ ਨਾਲ ਸਬੰਧਤ ਸੀ ਹਰਭਜਨ ਲਾਖਾ ਜੀ ਨੂੰ ਜਿੰਦਗੀ ਵਿੱਚ ਊਚ ਨੀਚ, ਵਿਤਕਰਾਂ ਖੂਹਾਂ ਤੋ ਪਾਣੀ ਭਰਨਾ, ਮੰਦਿਰਾਂ ਵਿੱਚ ਪ੍ਰਵੇਸ਼ ਹੋਣ ਤੋਂ ਰੋਕਣਾ ਤੇ ਬਿਨਾਂ ਮਤਲਬ ਤੋਂ ਜੱਟਾਂ ਜਿੰਮੀਦਾਰਾਂ ਵਲੋਂ ਬੇਇੱਜਤੀ ਕਰਨੀ, ਕੁੱਟਮਾਰ ਕਰਨੀ, ਸੱਥ ਵਿੱਚ ਨਾ ਬੈਠਣ ਦੇਣਾ, ਵਰਗੀਆਂ ਭੈੜੀਆਂ ਅਲਾਮਤਾਂ ਨੇ ਧੁਰ ਅੰਦਰ ਤੱਕ ਝੰਜੋੜ ਸੁੱਟਿਆ ਸੀ। ਆਪ ਜੀ ਨੇ ਜ਼ਿੰਦਗੀ ਵਿੱਚ ਸਖਤ ਮਿਹਨਤ ਕੀਤੀ ਤੇ ਕਈ ਵਾਰ ਹੱਡਾ ਰੋੜੀ ਦੇ ਪਸ਼ੂਆਂ ਦਾ ਮਾਸ ਖਾ ਕੇ ਵੀ ਦਿਨ ਗੁਜਾਰੇ। ਹਰਭਜਨ ਲਾਖਾ ਜੀ ਦੀ ਜਨਤਾ ਵਿੱਚ ਵਧੀ ਹਰਮਨ ਪਿਆਰਾ ਨੂੰ ਕੈਸ਼ ਕਰਵਾਉਣ ਲਈ ਕਾਸ਼ੀ ਰਾਮ ਜੀ ਨੇ ਫਿਲੌਰ ਹਲਕੇ ਤੋ ਉਮੀਦਵਾਰ ਬਣਾਇਆ। ਆਪ ਜੀ ਨੂੰ ਪਹਿਲੀ ਵਾਰ ਲੋਕ ਸਭਾ ਦੀ ਟਿਕਟ ਮਿਲੀ ਤੇ ਆਪ ਨੇ ਸਾਹਿਬ ਕਾਸ਼ੀ ਰਾਮ ਦੇ ਭਰੋਸੇ ਤੇ ਖਰੇ ਉਤਰਦਿਆਂ ਜਿੱਤ ਕੇ ਵਿਖਾਇਆ ਤੇ ਬ੍ਰਾਹਮਣਵਾਦੀ ਲੋਕਾਂ ਤੋਂ ਉੱਠ ਰਹੀ ਦਲਿਤ ਸ਼ਕਤੀ ਤੇ ਜਥੇਬੰਦ ਹੋ ਰਹੀ ਦਲਿਤ ਤਾਕਤ ਬਾਰੇ ਸੋਚਣ ਵਾਸਤੇ ਮਜਬੂਰ ਕਰ ਦਿੱਤਾ। ਉਨ੍ਹਾਂ ਦਿਨਾਂ ਵਿੱਚ ਅਟੱਲ ਬਿਹਾਰੀ ਵਾਜਪਈ ਦੀ ਹਕੂਮਤ ਬਣੀ ਸੀ ਤੇ ਬਹੁਮਤ ਸਾਬਿਤ ਕਰਨ ਵਾਸਤੇ ਭਾਜਪਾ ਨੂੰ ਬਹੁਜਨ ਸਮਾਜ ਦੇ ਹੀਰਿਆਂ ਦੀ ਸਖਤ ਜਰੂਰਤ ਸੀ। ਭਾਜਪਾ ਦੀ ਤਰਫੋਂ ਹਰਭਜਨ ਲਾਖਾ ਜੀ ਨੂੰ ਸੁਨੇਹਾ ਪ੍ਰਾਪਤ ਹੋਇਆ, ਕਿਉਂਕਿ ਹਰਭਜਨ ਲਾਖਾ ਜੀ ਲੋਕ ਸਭਾ ਵਿੱਚ ਬਹੁਜਨ ਸਮਾਜ ਪਾਰਨੀ ਦੇ ਨੇਤਾ ਸਨ। ਭਾਜਪਾ ਵਾਲਿਆਂ ਨੇ ਕਿਹਾ ਕਿ ਲਾਖਾ ਜੀ ਤੁਸੀਂ ਸਾਡੀ ਮਦਦ ਕਰਕੇ ਸਰਕਾਰ ਬਣਾ ਦਿਉ, ਅਸੀਂ ਤੁਹਾਨੂੰ ਪਾਰਟੀ ਫੰਡ ਲਈ 10 ਕਰੋੜ ਰੁਪਏ ਤੇ ਤੁਹਾਨੂੰ ਇਸ ਦੇਸ਼ ਦੇ ਹੋਮ ਮਨਿਸਟਰ ਬਣਾ ਦੇਵਾਂਗੇ। ਪਰ ਹਰਭਜਨ ਲਾਖਾ ਜੀ ਨੂੰ ਭਾਜਪਾ ਦਲਿਤ ਸਮਾਜ ਦੇ ਭਲੇ ਵਾਲੀ ਪਾਰਟੀ ਨਹੀ ਲੱਗਦੀ ਸੀ। ਆਪ ਜੀ ਨੂੰ ਆਏ ਹੋਏ ਭਾਜਪਾ ਆਗੂਆਂ ਨੂੰਕਿਹਾ ਕਿ ਮੈਨੂੰ ਹੋਮ ਮਨਿਸਟਰੀ ਦੀ ਕੁਰਸੀ ਦੀ ਜਰੂਰਤ ਨਹੀ ਹੈ। ਮੈਨੂੰ ਤੇ ਮੇਰੇ ਸਮਾਜ ਵਲੋਂ ਦਿੱਤੇ ਜਾਣ ਵਾਲੇ ਸਟੂਲ (ਛੋਟਾ ਬੈਠਣ ਵਾਲਾ ਬੈਂਚ) ਦੀ ਜਿਆਦਾ ਅਹਿਮੀਅਤ ਲੱਗਦੀ ਹੈ। ਇਸ ਤਰ੍ਹਾਂ ਹਰਭਜਨ ਲਾਖਾ ਜੀ ਨੇ ਕਰੋੜਾਂ ਰੁਪਏ ਨੂੰ ਠੋਕਰ ਮਾਰ ਕੇ ਗਰੀਬ ਸਮਾਜ ਵਲੋਂ ਦਿੱਤੇ ਜਾਣ ਵਾਲੇ ਪਿਆਰ ਸਤਿਕਾਰ ਨੂੰ ਅਹਿਮੀਅਤ ਦਿੱਤੀ।

ਹਰਭਜਨ ਲਾਖਾ ਜੀ ਸੰਸਦ ਵਿੱਚ ਲਲਕਾਰ ਲਲਕਾਰ ਕੇ ਆਪਣੇ ਸਮਾਜ ਦੇ ਦੁੱਖ ਤਕਲੀਫਾਂ ਨੂੰ ਦੇਸ਼ ਦੇ ਸਾਹਮਣੇ ਰੱਖਿਆ ਕਰਦੇ ਸਨ। ਹਰਭਜਨ ਲਾਖਾ ਜੀ ਪੂਰੇ ਦੇਸ਼ ਵਿੱਚ ਹਰਮਨ ਪਿਆਰੇ ਹੋ ਚੁੱਕੇ ਸਨ ਤੇ ਸਾਹਿਬ ਕਾਸ਼ੀ ਰਾਮ ਜੀ ਆਪ ਦੀ ਹਰਮਨ ਪਿਆਰਤਾ ਨੂੰ ਕੈਸ਼ ਕਰਵਾਉਣ ਖਾਤਿਰ ਪੂਰੇ ਦੇਸ਼ ਵਿੱਚ ਦਲਿਤ ਸਮਾਜ ਦੇ ਭਲੇ ਹਿੱਤ ਤੇ ਬਹੁਜਨ ਸਮਾਜ ਪਾਰਟੀ ਵਾਸਤੇ ਪ੍ਰਚਾਰ ਕਰਨ ਵਾਸਤੇ ਭੇਜਿਆ ਕਰਦੇ ਸਨ। ਭੈਣ ਮਾਇਆਵਤੀ ਨਾਲ ਯੂ .ਪੀ.ਵਿੱਚ ਪ੍ਰਚਾਰ ਦੌਰਾਨ ਹਰਭਜਨ ਲਾਖਾ ਨੂੰ ਮਾਇਆਵਤੀ ਸਮੇਤ ਜੇਲ੍ਹ ਵਿੱਚ ਡੱਕ ਦਿੱਤਾ। ਮੌਜੂਦਾ ਯੂ ਪੀ ਸਰਕਾਰ ਨੇ ਲਾਖਾ ਜੀ ਤੇ ਮਾਇਆਵਤੀ ਨੂੰ ਐੱਨ. ਐੱਸ. ਏ. ਲਗਾ ਕੇ ਨਜਰਬੰਦ ਕਰ ਦਿੱਤਾ ਸੀ। ਕੇਸ ਜੱਜ ਦੇ ਸਾਹਮਣੇ ਗਿਆ ਤੇ ਜੱਜ ਸਾਹਿਬ ਨੂੰ ਕੇਸ ਵਿੱਚ ਕੋਈ ਠੋਸ ਵਜ੍ਹਾ ਐੱਨ .ਐ ੱਸ.ਏ. ਲਗਾਉਣ ਦੀ ਨਾਂ ਮਿਲਣ ਕਰਕੇ ਦੋਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਹਰਭਜਨ ਲਾਖਾ ਜੀ ਦੋ ਵਾਰ ਫਿਲੌਰ ਹਲਕਾ ਤੋਂ ਲੋਕ ਸਭਾ ਅੰਦਰ ਚੁਣ ਕੇ ਗਏ ਤੇ ਦੋਵੇਂ ਵਾਰੀ ਦਲਿਤ ਸਮਾਜ ਦੇ ਹੱਕਾਂ ਵਾਸਤੇ ਆਵਾਜ ਬੁਲੰਦ ਕੀਤੀ। ਹਰਭਜਨ ਲਾਖਾ ਜੀ ਕੁਝ ਚੰਦ ਕੁ ਸਾਥੀਆਂ ਦੀ ਸਖਤ ਮਿਹਨਤ ਕਾਰਨ ਬਹੁਜਨ ਸਮਾਜ ਪਾਰਟੀ 1992 ਵਿਧਾਨ ਸਭਾ ਵਿੱਚ 9 ਸੀਟਾਂ ਜਿੱਤ ਗਈ ਸੀ ਤੇ ਪੰਜਾਬ ਦੇ ਸਾਰੇ ਦਲਿਤ ਬਹੁਜਨ ਸਮਾਜ ਪਾਰਟੀ ਆਪਣੇ ਹਿੱਤਾਂ ਖਾਤਿਰ ਲੜ੍ਹਨ ਵਾਲੀ ਪਾਰਟੀ ਮੰਨ ਕੇ ਧੜਾ ਧੜ ਸ਼ਮੂਲੀਅਤ ਕਰ ਰਹੇ ਸਨ। ਬਹੁਜਨ ਸਮਾਜ ਪਾਰਟੀ ਦੀ ਵੋਟ ਦਿਨੋ ਦਿਨ ਵੱਧਦੀ ਜਾ ਰਹੀ ਸੀ। ਅਚਾਨਕ ਦਲਿਤ ਸਮਾਜ ਨੂੰ ਝੰਜੋੜਨ ਵਾਲੇ ਨਿਧੱੜਕ ਜਰਨੈਲ ਸਾਹਿਬ ਕਾਸ਼ੀ ਰਾਮ ਜੀ ਦੀ ਮੌਤ ਹੋ ਗਈ ਤੇ ਪੂਰੇ ਦੇਸ਼ ਦੇ ਲਿਤਾੜੇ ਸਮਾਜ ਨੂੰ ਝੰਜੋੜ ਕੇ ਸੁੱਟ ਦਿੱਤਾ। ਇਸ ਸਭ ਪਿੱਛੋਂ ਕਾਸ਼ੀ ਰਾਮ ਜੀ ਦੇ ਵਫਾਦਾਰ ਸਾਥੀਆਂ ਨੂੰ ਖੁੱਡੇ ਲਾਈਨ ਲਗਾਉਣਾ ਸ਼ੁਰੂ ਕਰ ਦਿੱਤਾ ਗਿਆ ਕਿਉਂਕਿ ਪਾਰਟੀ ਵਿੱਚ ਰਹਿੰਦੇ ਪਾਰਟੀ ਦੇ ਦੁਸ਼ਮਣ ਨਹੀ ਸਨ ਚਾਹੁੰਦੇ ਕਿ ਪਾਰਟੀ ਕੋਈ ਸੀਟ ਜਿੱਤੇ ਤੇ ਪਾਰਟੀ ਕੋਈ ਵੱਡੀ ਪ੍ਰਾਪਤੀ ਕਰਕੇ ਵਿਖਾ ਸਕੇ। ਹਰਭਜਨ ਲਾਖਾ ਜੀ ਦੀ ਹੱਡ-ਭੰਨਵੀ ਸਖਤ ਮਿਹਨਤ ਨੂੰ ਅੱਖਾਂ ਤੋਂ ਉਹਲੇ ਕਰਕੇ ਪਾਰਟੀ ਤੋਂ ਬਰਖਾਸਤ ਕਰ ਦਿੱਤਾ ਗਿਆ। ਇਹ ਅਰਾਮ ਹਰਭਜਨ ਲਾਖਾ ਜੀ ਨੂੰ ਅਜਿਹਾ ਲੱਗਿਆ ਕਿ ਹਰਭਜਨ ਲਾਖਾ ਜੀ ਬਿਮਾਰ ਰਹਿਣ ਲੱਗ ਪਏ ਤੇ ਹਰ ਦਿਨ ਧਰਵਾਸ ਦਿੰਦੇ ਸਨ ਕਿ ਸ਼ਾਇਦ ਅੱਜ ਜਾਂ ਕੱਲ੍ਹ ਉਨ੍ਹਾਂ ਨੂੰ ਪਾਰਟੀ ਵਿੱਚ ਵਾਪਸ ਲੈ ਲਿਆ ਜਾਵੇਗਾ।

ਪਰ ਬਹੁਜਨ ਸਮਾਜ ਪਾਰਟੀ ਦੇ ਬਾਬਾ ਬੋਹੜ ਨਾਲ ਅਜਿਹਾ ਨਹੀ ਹੋ ਸਕਿਆ ਤੇ ਅਖੀਰ ਸੰਖੇਪ ਬਿਮਾਰੀ ਦੇ ਕਾਰਨ ਹਰਭਜਨ ਲਾਖਾ ਜੀ 11 ਜੂਨ 2014 ਸਵੇਰੇ ਤਕਰੀਬਨ 5 ਕੁ ਵਜੇ ਸਾਹਿਬ ਕਾਸ਼ੀ ਰਾਮ ਵਾਂਗ ਦਲਿਤ ਸਮਾਜ ਨੂੰ ਫਿਰ ਤੋਂ ਨੇਤਾ ਵਿਹੂਣੇ ਕਰ ਗਏ ਤੇ ਸਦਾ ਵਾਸਤੇ ਗੂੜ੍ਹੀ ਨੀਂਦ ਸੌਂ ਗਏ, ਜਿੱਥੋ ਕਦੇ ਕੋਈ ਨਹੀ ਉੱਠ ਸਕਿਆ।

# ਦਲਿਤਾਂ ਨੂੰ ਕੁੱਟਣ ਵਾਲੇ ਅਧਿਕਾਰੀਆਂ ’ਤੇ ਪਰਚਾ ਦਰਜ ਕੀਤਾ ਜਾਵੇ: ਮੋਦੀ, ਦੀਵਾਨਾ

## ਮਾਮਲਾ ਜ਼ਿਲ੍ਹਾ ਸੰਗਰੂਰ ਦੇ ਪਿੰਡ ਬਾਲਦ ਕਲਾਂ ’ਚ ਦਲਿਤਾਂ ’ਤੇ ਲਾਠੀਚਾਰਜ ਦਾ

ਸੰਗਰੂਰ- ਬੀਤੇ ਦਿਨੀਂ ਦਲਿਤ ਜਕੇਬੰਦੀਆਂ ਦੀ ਜ਼ਿਲ੍ਹਾ ਸੰਗਰੂਰ ’ਚ ਦਲਿਤਾਂ ’ਤੇ ਲਾਠੀਚਾਰਜ ਦੇ ਸਬੰਧ ਵਿਚ ਇਕ ਅਹਿਮ ਮੀਟਿੰਗ ਜਲੰਧਰ ਵਿਖੇ ਹੋਈ।

ਮੀਟਿੰਗ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ ਪੰਜਾਬ ਦੇ ਆਗੂ ਵਿਨੋਦ ਮੋਦੀ, ਤਰਸੇਮ ਦੀਵਾਨਾ ਚੇਅਰਮੈਨ ਬੇਗਮਪੁਰਾ ਟਾਈਗਰ ਫੋਰਸ ਪੰਜਾਬ, ਨਰਿੰਦਰ ਨਹਿਰੂ ਪ੍ਰਧਾਨ ਬੇਗਮਪੁਰਾ ਟਾਈਗਰ ਫੋਰਸ ਪੰਜਾਬ, ਅਵਤਾਰ ਚੰਦ ਬਸੀ ਖਵਾਜੂ, ਰਾਮ ਲੁਭਾਇਆ ਥਾਪਰ ਪ੍ਰਧਾਨ ਭਗਵਾਨ ਵਾਲਮੀਕ ਸਭਾ ਪੰਜਾਬ ਨੇ ਸਾਂਝੇ ਤੌਰ ’ਤੇ ਜਾਰੀ ਬਿਆਨ ਵਿਚ ਕਿਹਾ ਕਿ ਜ਼ਿਲ੍ਹਾ ਸੰਗਰੂਰ, ਕਸਬਾ ਭਵਾਨੀਗੜ੍ਹ ਦੇ ਪਿੰਡ ਬਾਲਦ ਕਲਾਂ ਦੀ ਪੰਚਾਇਤੀ ਜ਼ਮੀਨ ਵਿਚੋਂ ਦਲਿਤਾਂ ਲਈ ਰਾਖਵੀਂ 476 ਬਿੱਗੇ ਜ਼ਮੀਨ ਦੀ ਬੋਲੀ ਮੌਕੇ ਜਦੋਂ ਦਲਿਤ ਸਮਾਜ ਦੇ ਲੋਕ ਬੋਲੀ ਵਾਲੀ ਜਗ੍ਹਾ ’ਤੇ ਜਾਣ ਲੱਗੇ ਤਾਂ ਉਥੇ ਪਹਿਲਾਂ ਹੀ ਦੇ ਹੁਕਮਾਂ ਮੁਤਾਬਕ ਦਲਿਤਾਂ ’ਤੇ ਅੰਨ੍ਹੇਵਾਹ ਲਾਠੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੰਤੀਆਂ ਤੇ ਦਲਿਤ ਔਰਤ ਨੂੰ ਵੀ ਬਹੁਤ ਬੁਰੀ ਤਰ੍ਹਾਂ ਕੁੱਟਿਆ ਗਿਆ।

ਜਿਸ ਨਾਂਲ 12 ਔਰਤਾਂ ਤੇ 10 ਦਲਿਤ ਮਰਦ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਜੋ ਭਵਾਨੀਗੜ੍ਹ ਦੇ ਸਿਵਲ ਹਸਪਤਾਲ ’ਚ ਬੈਠੇ ਇਲਾਜ ਕਰਾ ਰਹੇ ਹਨ। ਵਿਨੋਦ ਮੋਦੀ ਤੇ ਤਰਸੇਮ ਦੀਵਾਨਾ ਨੇ ਪੰਜਾਬ ਸਰਕਾਰ ਦੇ ਇਸ਼ਾਰੇ ’ਤੇ ਪੰਜਾਬ ਪੁਲਿਸ ਵੱਲੋਂ ਕੀਤੇ ਦਲਿਤਾਂ ’ਤੇ ਲਾਠੀਚਾਰਜ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਲਾਠੀਚਾਰਜ ਵਾਲੇ ਪੁਲਿਸ ਅਫਸਰਾਂ ’ਤੇ ਤੁਰੰਤ ਪਰਚਾ ਦਰਜ ਨਾ ਕੀਤਾ ਗਿਆ ਤੇ ਦੁਬਾਰਾ ਜ਼ਮੀਨ ਦੀ ਬੋਲੀ ਨਾ ਕਰਵਾਈ ਗਈ ਤਾਂ ਪੂਰੇ ਪੰਜਾਬ ’ਚੋਂ ਦਲਿਤ ਸਮਾਜ ਪੰਜਾਬ ਸਰਕਾਰ ਖਿਲਾਫ ਇਕ ਜ਼ੋਰਦਾਰ ਅੰਦੋਲਨ ਛੇੜ ਦੇਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਦੇ ਮੁੱਖ ਮੰਤਰੀ ਦੀ ਹੋਵੇਗੀ। ਵਿਨੋਦ ਮੋਦੀ ਤੇ ਤਰਸੇਮ ਦੀਵਾਨਾ ਨੇ ਕਿਹਾ ਕਿ ਪਹਿਲਾਂ ਪੰਜਾਬ ਦੀਆਂ ਦਲਿਤ ਵਿਰੋਧੀ ਹਰਕਤਾਂ ਕਾਰਨ ਪੰਜਾਬ ’ਚ ਬਹੁਤ ਰੋਹ ਹੈ, ਜੇਕਰ ਸਰਕਾਰ ਦਾ ਇਸ ਤਰ੍ਹਾਂ ਦਾ ਰਵੱਈਆ ਦਲਿਤਾਂ ਨਾਲ ਰਿਹਾ ਤਾਂ ਇਕ ਦਿਨ ਪੰਜਾਬ ਵਿਚ ਦਲਿਤਾਂ ਦਾ ਰੋਹ ਅੱਗ ਦਾ ਭਾਂਬੜ ਵਾਂਗ ਮੱਚ ਜਾਵੇਗਾ, ਜਿਸ ਦੇ ਸੇਕ ਨਾਲ ਜਾਗੀਰੂ ਸੋਚ ਵਾਲੀ ਦਲਿਤ ਵਿਰੋਧੀ ਜਾਬਰ ਸਰਕਾਰ ਦੀਆਂ ਜੜ੍ਹਾਂ ਹੀ ਹਿੱਲ ਜਾਣਗੀਆਂ। ਮੀਟਿੰਗ ਉਪਰੰਤ ਆਗੂਆਂ ਤੋਂ ਇਲਾਵਾ ਨਿਰਮਲ ਦਾਸ ਜੱਸਲ, ਜਗਦੀਸ਼ ਕੈਲੇ, ਧੰਨਾ ਰਾਮ, ਤਜਿੰਦਰ ਬਿੱਟੂ, ਲਖਵਿੰਦਰ, ਰਵੀ ਚੋਪੜਾ, ਕਮਲਜੀਤ, ਬਾਲ ਮੁਕੰਦ ਆਦਿ ਵੀ ਸ਼ਾਮਲ ਹੋਏ। ਇਸ ਮੌਕੇ ਬਿੱਲਾ ਦਿਓਵਾਲ ਜਨਰਲ ਸਕੱਤਰ ਬੇਗਮਪੁਰਾ ਟਾਈਗਰ ਫੋਰਸ ਨੇ ਵੀ ਆਪਣੇ ਵਿਚਾਰ ਰੱਖੇ।

# ਪੰਜਾਬ ਦੇ ਪੇਂਡੂ ਹਲਕਿਆਂ ਵਿਚ ਵੱਧ ਰਿਹਾ ਹੈ ਦਲਿਤ ਅਤੇ ਗੈਰ ਦਲਿਤਾਂ ਵਿਚਕਾਰ ਟਕਰਾਅ

ਪਰ ਦਲਿਤ ਵਰਗ ਦੇ ਰੋਸ ਨੂੰ ਦੇਖਣਾ ਵੀ ਪ੍ਰਸ਼ਾਸਨ ਦੇ ਲਈ ਬੇਹੱਦ ਜ਼ਰੂਰੀ ਹੈ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬੈਨਰ ਹੇਠ ਸੋਮਵਾਰ ਨੂੰ ਜ਼ਿਲ੍ਹੇ ਭਰ ਵਿਚ ਹੋਏ ਪ੍ਰਦਰਸ਼ਨ ਦਲਿਤ ਅਤੇ ਕਿਸਾਨ ਵਰਗ ਵਿਚਕਾਰ ਵੱਧ ਰਹੇ ਤਣਾਅ ਨੂੰ ਜ਼ਾਹਿਰ ਕਰਨ ਲਈ ਕਾਫੀ ਹਨ।

**ਹਾਲਾਤ ਜਾਨਣ ਨਹੀਂ ਪਹੁੰਚੇ ਲੀਡਰ**

ਸੰਸਦੀ ਚੋਣਾਂ ਵਿਚ ਕਰੀਬ 14 ਲੱਖ ਵੋਟਰਾਂ ਵਿਚਕਾਰ ਦਸਤਕ ਦੇਣ ਵਾਲੇ ਸਾਰੀਆਂ ਪਾਰਟੀਆਂ ਦੇ ਲੀਡਰ ਅਤੇ ਲੋਕ ਪ੍ਰਤੀਨਿਧੀ ਕੋਈ ਵੀ ਖੇਤਰ ਵਿਚ ਵੱਧ ਰਹੇ ਤਣਾਅ ਨੂੰ ਦੂਰ ਕਰਵਾਉਣ ਦੇ ਲਈ ਅੱਗੇ ਨਹੀਂ ਆਏ। ਜੇਕਰ ਚੁਣੇ ਹੋਏ ਪ੍ਰਤੀਨਿਧੀ ਅਤੇ ਸਾਰੀਆਂ ਪਾਰਟੀਆਂ ਦੇ ਲੀਡਰ ਦੋਵੇਂ ਪੱਖਾਂ ਨੂੰ ਇਕ ਮੰਚ ਤੇ ਲਿਆ ਕੇ ਮਾਮਲੇ ਨੂੰ ਹੱਲ ਕਰਵਾਉਣ ਦੀ ਕੋਸ਼ਿਸ਼ ਕਰਨ ਤਾਂ ਮਾਮਲਾ ਸ਼ਾਂਤ ਹੋ ਸਕਦਾ ਹੈ।

**ਸੰਗਰੂਰ, ਮੁਕਤਸਰ ਸਾਹਿਬ ਅਤੇ ਮੋਗੇ ਵਿਚ ਪ੍ਰਦਰਸ਼ਨ**

ਪਿੰਡ ਬਾਲਦ ਕਲਾਂ ਦੀ ਪੰਚਾਇਤੀ ਜ਼ਮੀਨ ਵਿਚ ਆਪਦੇ ਹਿੱਸੇ ਦੀ ਜ਼ਮੀਨ ਘੱਟ ਭਾਅ ਤੇ ਲੈਣ ਦੇ ਲਈ ਸੰਘਰਸ਼ ਕਰ ਰਹੇ ਦਲਿਤਾਂ ’ਤੇ ਲਾਠੀਚਾਰ ਕਰਨ, ਝੂਠੇ ਕੇਸ ਦਰਜ ਕਰਕੇ ਉਹਨਾਂ ਨੂੰ ਜੇਲ੍ਹਾਂ ਵਿਚ ਭੇਜਣ ਅਤੇ ਪੰਚਾਇਤੀ ਜ਼ਮੀਨ ਦੀ ਜਬਰੀ ਬੋਲੀ ਦੇ ਵਿਰੋਧ ਵਿਚ ਸੋਮਵਾਰ ਨੂੰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਵਿਚ ਜ਼ਿਲ੍ਹੇ ਭਰ ਵਿਚ ਦਲਿਤਾਂ ਨੇ ਰਾਜ ਸਰਕਾਰ ਅਤੇ ਧਨਾਡ ਵਰਗ ਦੇ ਖਿਲਾਫ ਅਰਥੀ ਫੂਕ ਪ੍ਰਦਰਸ਼ਨ ਕੀਤਾ। ਉਥੇ ਹੀ ਭਵਾਨੀਗੜ੍ਹ ਵਿਚ ਬਠਿੰਡਾ-ਚੰਡੀਗੜ੍ਹ ਰੋਡ ਜਾਮ ਕਰਕੇ ਪੁਲਿਸ ਪ੍ਰਸ਼ਾਸਨ ਅਤੇ ਧਨਾਡ ਵਰਗ ਦਾ ਪੁਤਲਾ ਫੂਕਿਆ ਗਿਆ। ਇਧਰ ਬਾਲਦ ਕਲਾਂ ਵਿਚ ਹੋਏ ਲਾਠੀਚਾਰਜ ਦੀ ਘਟਨਾ ਦੇ ਵਿਰੋਧ ਅਤੇ ਦਲਿਤਾਂ ਦੇ ਸਮਰਥਨ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਨੇ ਮੋਗਾ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਵੱਖ ਵੱਖ ਥਾਵਾਂ ਤੇ ਦਿਹਾਤੀ ਮਜ਼ਦੂਰ ਸਭਾ ਨੇ ਰਾਜ ਸਰਕਾਰ ਦੇ ਖਿਲਾਫ ਅਰਥੀ ਫੂਕ ਪ੍ਰਦਰਸ਼ਨ ਕੀਤਾ।

# ਅਕਾਲੀ-ਭਾਜਪਾ ਦੇ 6 ਸੰਸਦ ਮੈਂਬਰਾਂ ਖਿਲਾਫ਼ ਹਾਈਕੋਰਟ ’ਚ ਚੋਣ ਪਟੀਸ਼ਨ ਦਾਇਰ

ਚੰਡੀਗੜ੍ਹ - ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਜਿੱਤ ਦਾ ਝੰਡਾ ਲਹਿਰਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਸਾਰੇ 6 ਸੰਸਦ ਮੈਂਬਰਾਂ ਵਿਨੋਦ ਖੰਨਾ (ਗੁਰਦਾਸਪੁਰ), ਰਣਜੀਤ ਸਿੰਘ ਬ੍ਰਹਮਪੁਰਾ (ਖਡੂਰ ਸਾਹਿਬ), ਸ਼ੇਰ ਸਿੰਘ ਗੁਭਾਇਆ (ਫਿਰੋਜ਼ਪੁਰ), ਹਰਸਿਮਰਤ ਕੌਰ ਬਾਦਲ (ਬਠਿੰਡਾ), ਪ੍ਰੇਮ ਸਿੰਘ ਚੰਦੂਮਾਜਰਾ (ਆਨੰਦਪੁਰ ਸਾਹਿਬ) ਤੇ ਵਿਜੇ ਸਾਂਪਲਾ (ਹੁਸ਼ਿਆਰਪੁਰ) ਦੇ ਖਿਲਾਫ਼ ਪੰਜਾਬ-ਹਰਿਆਣਾ ਹਾਈਕੋਰਟ ਚੰਡੀਗੜ੍ਹ ’ਚ ਚੋਣ ਪਟੀਸ਼ਨ ਦਾਇਰ ਕਰਕੇ ਇਨ੍ਹਾਂ ਸੰਸਦ ਮੈਂਬਰਾਂ ਨੂੰ ਕਾਂਗਰਸ ਦੇ ਆਗੂਆਂ ਵਲੋਂ ਚੋਣ ਦੀ ਚੁਣੌਤੀ ਦਿੱਤੀ ਗਈ ਹੈ।

ਐਡਵੋਕੇਟ ਐਸ. ਐਸ. ਸਵੈਚ ਰਾਹੀਂ ਦਾਇਰ ਕੀਤੀ ਇਸ ਰਿੱਟ ਵਿਚ ਸੰਸਦ ਮੈਂਬਰ ਵਿਨੋਦ ਖੰਨਾ ਨੂੰ ਜੇਲ ਰੋਡ ਗੁਰਦਾ-ਸਪੁਰ ਵਾਸੀ ਨੀਰਜ ਸਲਹੋਤਰਾ, ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਗਾਰਡਨ ਕਾਲੋਨੀ ਪੱਟੀ ਵਾਸੀ ਹਰਮਿੰਦਰ ਸਿੰਘ, ਸੰਸਦ ਮੈਂਬਰ ਸ਼ੇਰ ਸਿੰਘ ਗੁਭਾਇਆ ਨੂੰ ਮਲੋਟ ਵਾਸੀ ਭੁਪਿੰਦਰ ਸਿੰਘ, ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਪਿੰਡ ਲੰਬੀ ਦੇ ਵਾਸੀ ਨਵਜੋਤ ਸਿੰਘ, ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਰੋਪੜ ਦੇ ਵਾਸੀ ਹਰਭਗਵਾਨ ਸਿੰਘ ਸੈਣੀ ਤੇ ਸੰਸਦ ਮੈਂਬਰ ਵਿਜੇ ਸਾਂਪਲਾ ਨੂੰ ਹੁਸ਼ਿਆਰਪੁਰ ਦੇ ਵਾਸੀ ਐਡਵੋਕੇਟ ਇੰਦਰਪਾਲ ਸਿੰਘ ਧੰਨਾ ਨੇ ਚੁਣੌਤੀ ਦਿੱਤੀ ਹੈ। ਹਾਈਕੋਰਟ ਵਲੋਂ ਇਸ ਚੋਣ ਪਟੀਸ਼ਨ ਦੀ ਸਕਰੂਟਨੀ ਲਈ ਵੱਖ-ਵੱਖ ਸੰਸਦੀ ਹਲਕਿਆਂ ਦੀਆਂ ਵੱਖ-ਵੱਖ ਤਰੀਕਾਂ ਨਿਸ਼ਚਿਤ ਕੀਤੀਆਂ ਗਈਆਂ ਹਨ। ਇਨ੍ਹਾਂ ਪਟੀਸ਼ਨਾਂ ਦੇ ਨਾਲ ਪਟੀਸ਼ਨਰਾਂ ਵਲੋਂ ਟੀ. ਵੀ. ਚੈਨਲਾਂ ਵਿਚ ਹੋਏ ਪ੍ਰਚਾਰ ਦੀ ਸੀ. ਡੀਜ਼. ਵੀ ਲਗਾਈ ਗਈ ਹੈ। ਇਨ੍ਹਾਂ ਪਟੀਸ਼ਨਾਂ ਵਿਚ ਦੋਸ਼ ਲਗਾਇਆ ਗਿਆ ਹੈ ਕਿ ਅਕਾਲੀ-ਭਾਜਪਾ ਗੱਠਜੋੜ ਵਲੋਂ ਲੋਕ ਸਭਾ ਚੋਣਾਂ ਦੌਰਾਨ ਇਕ ਟੀ. ਵੀ. ਚੈਨਲ ਰਾਹੀਂ ਕੀਤੇ ਗਏ ਚੋਣ ਪ੍ਰਚਾਰ ’ਚ ਧਾਰਮਿਕ ਮੁੱਦਿਆਂ ਨੂੰ ਜੋੜ ਕੇ ਵੋਟਰਾਂ ਨੂੰ ਆਕਰਸ਼ਿਤ ਕੀਤਾ ਗਿਆ,

# ਸਕਾਮਿਸ਼ ਵਿਖੇ ਸਲਾਨਾ ਨਗਰ ਕੀਰਤਨ 'ਚ ਸਿੱਖ ਸੰਗਤਾਂ ਨੇ ਲਗਵਾਈ ਭਰਵੀਂ ਹਾਜਰੀ





ਸਕਾਮਿਸ਼ ( ਵੈਨਕੂਵਰ ਬੀ.ਸੀ) ਜੈਤੇਗ ਸਿੰਘ ਅਨੰਤ: ਵੈਨਕੂਵਰ ਦੇ ਨੇੜਲੇ ਬਹੁਤ ਹੀ ਸੁੰਦਰ ਅਤੇ ਰਮਣੀਕ ਸ਼ਹਿਰ ਸ਼ਕਾਮਿਸ਼ ਵਿਖੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਨਗਰ ਕੀਰਤਨ 28 ਜੂਨ ਨੂੰ ਸਜਾਏ ਗਏ।

ਇਸ ਨਗਰ ਕੀਰਤਨ ਵਿਚ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਦੇ ਸੰਚਾਲਕ ਸ.ਭੁਪਿੰਦਰ ਸਿੰਘ ਔਜਲਾ ਅਤੇ ਗਤਕਾ ਉਸਤਾਦ ਭਾਈ ਮਹਾਂਵੀਰ ਸਿੰਘ ਟੀਮ ਸਮੇਤ ਪਹੁੰਚੇ। ਗਤਕੇ ਦੇ ਖਿਡਾਰੀ ਛੋਟੇ ਛੋਟੇ ਬੱਚਿਆਂ ਨੇ ਐਨੇ ਜੌਹਰ ਵਿਖਾਏ ਕਿ ਨਗਰ ਕੀਰਤਨ ਦੇ ਦਰਸ਼ਨ ਕਰਨ ਆਏ ਗੋਰੇ ਲੋਕ ਵੀ ਹੈਰਾਨ ਰਹਿ ਗਏ ਜਦੋਂ ਚੱਕਰਾਂ ਨੇ ਅਸਮਾਨ ਵਿਚ ਉਡਾਰੀਆਂ ਲਾਈਆਂ।ਚੇਤੇ ਰਹੇ ਭਾਈ ਮਹਾਂਵੀਰ ਸਿੰਘ ਬਹੁਤ ਪੁਰਾਤਨ ਅਤੇ ਪੰਥ ਦੇ ਨਾਮਵਰ ਉਸਤਾਦਾਂ ਨਾਲ ਗੱਤਕਾ ਖੇਡ ਚੁੱਕੇ ਹਨ। ਨਗਰ ਦੀ ਸ਼ੁਰੂਆਤ ਵਿੱਚ ਅੱਗੇ ਗਤਕਾ ਖੇਡਦੇ ਬੱਚੇ ਫੇਰ ਬੈਂਡ,ਉਹਨਾਂ ਪਿੱਛੇ ਪੰਜ ਨਿਸ਼ਾਨਚੀ, ਪੰਜ ਪਿਆਰੇ ਅਤੇ ਗੁਰੂ ਸਾਹਿਬ ਦੀ ਪਾਲਕੀ ਸੁਸ਼ੋਭਤ ਸੀ।ਭਾਈ ਨਰਿੰਦਰ ਸਿੰਘ ਮੁਖ ਸੇਵਾਦਾਰ ਦੂਖ ਨਿਵਾਰਨ ਨੇ ਰਸ ਭਿੰਨਾ ਕੀਰਤਨ ਕਰਦੇ ਹੋਏ ਸੰਗਤਾਂ ਨੂੰ ਗੁਰਬਾਣੀ ਰਸ ਵਿਚ ਲਿਬਰੇਜ ਕਰ ਦਿੱਤਾ।ਗੁਰੂ ਘਰ ਤੋਂ ਨਗਰ ਕੀਰਤਨ ਸ੍ਰੀ ਅਖੰਡ ਪਾਠ ਦੇ ਭੋਗ ਪੈਣ ਉਪਰੰਤ ਸ਼ੁਰੂ ਹੋਇਆ।

ਸਕਾਮਿਸ਼ ਦੇ ਡਾਊਨ ਟਾਊਨ ਵਿਚ ਸਟੇਜ ਲਗਾਈ ਗਈ ਜਿੱਥੇ ਵੈਨਕੂਵਰ ਇਲਾਕੇ ਦੀਆਂ ਸੁਸਾਇਟੀਆਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਜਿਹਨਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਸਰਕਾਰ ਦੇ ਨੁਮਾਇੰਦੇ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਵੀ ਪਹੁੰਚੇ ਹੋਏ ਸਨ।ਜਿਹਨਾਂ ਨੇ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ/ ਡੈਲਟਾ ਦੀ ਗਤਕਾ ਟੀਮ ਵਿਸ਼ੇਸ਼ ਤੌਰ ਤੇ ਪਹੁੰਚੀ ਹੋਈ ਸੀ ਤੇ ਉਹਨਾਂ ਨੇ ਵੀ ਜੌਹਰ ਵਿਖਾਏ।

ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ,ਸਿੰਘ ਸਭਾ ਸਰੀ ,ਦੂਖ ਨਿਵਾਰਨ ਸਰੀ, ਅਕਾਲੀ ਸਿੱਖ ਸੁਸਾਇਟੀ, ਰੌਸ ਗੁਰਦਵਾਰਾ ਅਤੇ ਹੋਰ ਪ੍ਰਮੁੱਖ ਸੁਸਾਇਟੀਆਂ ਦੇ ਆਗੂ ਪਹੁੰਚੇ ਹੋਏ ਸਨ। ਸਕਾਮਿਸ਼ ਦੀਆਂ ਸੰਗਤਾਂ ਨੇ ਬਹੁਤ ਸੁਆਦਲੇ ਖਾਣਿਆਂ ਦੇ ਸਟਾਲ ਲਾਏ ਹੋਏ ਸਨ। ਸਟੇਜ ਦੀ ਸੇਵਾ ਭਾਈ ਅਵਤਾਰ ਸਿੰਘ ਗਿੱਧਾ ਜੀ ਨੇ ਬੜੀ ਹੀ ਬਾਖੂਬੀ ਨਾਲ ਨਿਭਾਈ। ਮੁੱਖ ਸੇਵਾਦਾਰ ਭਾਈ ਮੱਖਣ ਸਿੰਘ ਅਤੇ ਸਮੂੰਹ ਕਮੇਟੀ ਨੇ ਆਈਆਂ ਸਭ ਸੰਗਤਾਂ ਦਾ ਧੰਨਵਾਦ ਕੀਤਾ।

ਚੰਡੀਗੜ੍ਹ ਤੋਂ ਜਲਦੀ ਹੀ ਪ੍ਰਕਾਸ਼ਿਤ ਹੋ ਰਹੇ
ਰੋਜ਼ਾਨਾ ਪੰਜਾਬੀ ਗਲੋਬਲ ਅਖਬਾਰ
ਸੱਤ ਸਮੁੰਦਰੋਂ ਪਾਰ
ਅਤੇ ਆਨਲਾਈਨ ਟੀ.ਵੀ. ਚੈਨਲ
ਲਈ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਅਤੇ ਦੇਸ਼-ਵਿਦੇਸ਼ ਵਿਚੋਂ ਕਾਬਲ, ਖੋਜੀ, ਮੁਹਿੰਮਕਾਰੀ, ਮਿਹਨਤੀ ਪੱਤਰਕਾਰਾਂ/ਬਿਜਨਸ ਪ੍ਰਤੀਨਿਧਾਂ ਅਤੇ ਜ਼ਿਲਾ ਇੰਚਾਰਜਾਂ ਦੀ ਤੁਰੰਤ ਲੋੜ ਹੈ
ਪੂਰੇ ਵੇਰਵੇ ਸਹਿਤ Email ਕਰੋ
info@satsamundropaar.com
satsamundropaar@mail.com

ਕਹਾਣੀ

# ਅਧੂਰਾ ਬਜਾਤੇ ਖੁਦ

- ਜਸਪਾਲ ਸਿੰਘ
jasfiza@msn.com



"ਮੇਰੀ ਖੱਲ ਦੀ ਨਾ ਜੁਤੀ ਬਣ ਜਾਏ ਤੇ ਮੇਰਾ ਸ਼ੋਰਬਾ
ਵਕਤ ਕਿੰਜ ਏ ਬਦਲ ਰਿਹਾ ਇਹ ਕੀ ਹੋ ਰਿਹਾ"

ਸਿੱਧੀ ਸਾਦੀ ਅਵਾਜ਼ ਵਿਚ ਕੋਈ ਗਾ ਰਿਹਾ ਸੀ। ਕੰਧ ਨਾਲ ਲੱਗੀ ਢੋਅ ਕਿਸੇ ਟੰਗੇ ਬੁਤ ਵਾਂਗ ਹੀ ਲਗੀ। ਮਥੇ ਦੀਆਂ ਤਿਊੜੀਆਂ ਵਿਚ ਫਸਿਆ ਪਸੀਨਾ ਕਿਸੇ ਦਰਿਆ ਦੇ ਉਛਾਲੇ ਨਾਲ ਇਧਰ ਉਧਰ ਪਾਣੀ ਵਾਂਗ ਲਗਿਆ ਜਿਵੇਂ ਜ਼ਿੰਦਗੀ ਦੀਆਂ ਖੁਸ਼ੀਆਂ ਤੇ ਗਮੀਆਂ ਦਾ ਮਿਸ਼ਰਨ ਮੱਥੇ ਉਤੇ ਆਣ ਚਿਪਕਿਆ ਹੋਵੇ ਜੋ ਸਭ ਕੁਝ ਵਿਖਿਆਨ ਕਰ ਰਿਹਾ ਹੋਵੇ। ਇੰਜ ਲਗਾ ਜਿਵੇਂ ਵਕਤ ਵੀ ਉਸ ਵਲ ਝਾਕ ਰਿਹਾ ਸੀ। ਜਿਵੇਂ ਕਿਸੇ ਪਹਾੜੀ ਵਾਦੀ ਕੋਲ ਦੀ ਲੰਘਦੇ ਲੋਕ ਉਂਜ ਹੀ ਵਾਦੀ ਨੂੰ ਗੌਲਿਆਂ ਬਿਨਾਂ ਹੀ ਆਪਣੇ ਆਪ ਵਿਚ ਗੁਆਚੇ ਲੰਘ ਰਹੇ ਹੋਣ। ਵਾਦੀਆਂ ਨੂੰ ਐਵੇਂ ਪਹਾੜ ਸਮਝ, ਵਾਦੀਆਂ ਦੀ ਖੂਬ-ਸੂਰਤੀ ਤੇ ਅੰਦਰੂਨੀ ਗੁਣਾਂ ਦੇ ਭੰਡਾਰਾਂ ਨੂੰ ਅਣਗੌਲੇ ਕਰ ਹੀ ਲੋਕ ਇਧਰ ਉਧਰ ਆਪਣੇ ਰੋਜ਼ ਮਰਾ ਦੇ ਜੀਵਨ ਦੀਆਂ ਉਲਝਣਾਂ ਵਿਚ ਹੀ ਫਸੇ ਹੋਣ। ਝਰਨਿਆਂ ਤੇ ਪ੍ਰਕ੍ਰਿਤੀ ਤੋਂ ਪੈਦਾ ਸੰਗੀਤ ਦੀ ਮਹੱਤਤਾ ਤੋਂ ਅਣਜਾਣ ਤੇ ਬੇਖਬਰ ਘੁੰਮ ਰਹੇ ਹੋਣ, ਜਿਸ ਨੂੰ ਸੁਣਨ ਵਾਲੇ ਕੰਨ ਹੀ ਉਹਨਾਂ ਕੋਲੋਂ ਗੁੰਮ ਹੋ ਗਏ ਹੋਣ । ਉਹ ਵੀ ਪਹਾੜ ਵਾਂਗ ਹੀ ਕੋਲੋਂ ਲੰਘਦੇ ਲੋਕਾਂ ਤੇ ਬੀਤਦੇ ਜਾਂਦੇ ਵਕਤ ਨੂੰ ਬੜੀ ਬੇਪ੍ਰਵਾਹੀ ਨਾਲ ਦੇਖ ਰਿਹਾ ਸੀ। ਦੁਨੀਆਂ, ਵਕਤ ਤੇ ਉਸਦਾ ਕੰਮ ਬਸ ਇਸੇ ਤਰ੍ਹਾਂ ਅੱਗੇ ਵਧੀ ਜਾ ਰਿਹਾ ਸੀ ।

ਮਨੁੱਖਤਾ ਤੇ ਜ਼ਿੰਦਗੀ ਦੀ ਗੱਲ ਚਰਚਾ ਵਿਚ ਸੀ। ਮੌਤ ਇਕ ਵਾਰ ਫਿਰ ਚਰਚਾ ਵਿਚ ਆ ਗਈ। ਅਟੱਲ ਸੱਚਾਈ ਦਾ ਚਰਚਾ ਵਿਚ ਹੋਣਾ ਹੋਰ ਵੀ ਰੌਚਕ ਤੱਤ ਸਾਹਮਣੇ ਲਿਆ ਰਿਹਾ ਸੀ। ਸਾਇੰਸ ਦੀ ਤਰੱਕੀ ਦੀ ਪੋਲ ਖੋਲ੍ਹ ਰਿਹਾ ਸੀ। ਕੁਦਰਤ ਨੂੰ ਖਿਲੌਣਾ ਬਣਾਉਣ ਵਾਲਿਆਂ ਦਾ ਪੋਲ ਖੁਲ੍ਹ ਰਿਹਾ ਸੀ। ਕੁਦਰਤ ਨੇ ਮਨੁੱਖ ਪੈਦਾ ਕੀਤਾ ਤਾਂ ਉਸਦੇ ਬਚਾਅ ਲਈ ਵੀ ਹਰ ਸਾਧਨ ਪੈਦਾ ਕੀਤਾ। ਸਾਇੰਸ ਦੀ ਤਰੱਕੀ ਦੇ ਨਾਂ ਉਤੇ ਆਪਣੇ ਪਰਦੂਸ਼ਣ ਦਾ ਗੰਦ ਧੋਣ ਲਈ ਜੋ ਕੁਦਰਤੀ ਨੇਹਮਤਾਂ ਨੂੰ ਕੁਝ ਲੋਕ ਆਪਣੇ ਕਬਜ਼ੇ ਵਿਚ ਦਸ ਰਹੇ ਸਨ ਤੇ ਨਕਲੀ ਮਨੁੱਖ ਬਣਾ ਲੈਣ ਦਾ ਦਾਅਵਾ ਕਰ ਰਹੇ ਸਨ, ਨਿਗੂਣੇ ਨਜ਼ਰ ਆਉਣ ਲੱਗੇ ਸਨ। ਕਿਸੇ ਨੂੰ ਮੌਤ ਦੇ ਮੂੰਹ ਵਿਚੋਂ ਬਚਾ ਲਿਆ ਗਿਆ ਸੀ। ਜ਼ਿੰਦਗੀ ਮਿਲ ਗਈ ਪਰ ਦਿਮਾਗ਼ ਜੋ ਕੁਦਰਤ ਨੇ ਦਿਤਾ ਸੀ, ਵਾਪਸ ਨਾ ਮਿਲ ਸਕਿਆ। ਕੁਦਰਤ ਦਾ ਮੁਕਾਬਲਾ ਕਰਨ ਵਾਲੇ, ਦਿਮਾਗ਼ਾਂ ਦੀਆਂ ਖੋਜਾਂ ਕਰਨ ਵਾਲੇ ਉਸਨੂੰ ਦਿਮਾਗ਼ ਨਾ ਦੇ ਸਕੇ। ਨਵਾਂ ਸਵਾਲ ਗੁੰਝਲਦਾਰ ਨਹੀਂ ਸੀ। ਹੁਣ ਉਸਨੂੰ ਜ਼ਿੰਦਾ ਰੱਖਣਾ ਮਹਿੰਗਾ ਪੈ ਰਿਹਾ ਸੀ। ਕਈ ਸਾਲਾਂ ਬਾਅਦ ਉਸਨੂੰ ਉਹੀ ਮੌਤ ਕਾਨੂੰਨਾਂ ਦੀ ਆੜ ਵਿਚ ਦਿਤੀ ਗਈ ਜੋ ਕੁਦਰਤੀ ਤੌਰ 'ਤੇ ਉਹ ਆਰਾਮ ਨਾਲ ਪਹਿਲਾਂ ਹੀ ਹੋ ਸਕਦੀ ਸੀ ਪਰ ਹੁਣ ਕਈ ਸਾਲ ਉਹ ਹੋਰ ਜ਼ਿੰਦਾ ਰਹਿ ਸਕਦੀ ਸੀ।

ਉਸ ਉਤੇ ਵੀ ਇਸ ਘਟਨਾ ਦਾ ਅਸਰ ਸੀ। ਉਸਨੂੰ ਲੱਗਾ ਕਿ ਉਸਦੇ ਜਿਹਨ ਵਿਚ ਉਠੇ ਸਵਾਲਾਂ ਦੇ ਜਵਾਬ, ਜੋ ਹਰ ਇਕ ਦੀ ਸੋਚ ਵਿਚ ਘਰ ਕਰ ਰਹੇ ਸਨ, ਇਸ ਗੀਤ ਵਿਚੋਂ ਮਿਲ ਸਕਦੇ ਹਨ । ਉਹ ਚਾਹੁੰਦਾ ਸੀ ਕਿ ਉਸਨੂੰ ਇਸ ਤੋਂ ਵਧ ਕੁਝ ਸੁਣਨ ਨੂੰ ਮਿਲੇ ਜਿਸ ਨਾਲ ਉਸਦੇ ਮਨ ਦੀਆਂ ਉਲਝਣਾਂ ਕੁਝ ਆਸਾਨ ਹੋਣ । ਉਹ ਲਾਗੇ ਹੀ, ਜਿਵੇਂ ਉਸ ਵਲ ਬਹੁਤਾ ਧਿਅਨ ਨਹੀਂ, ਬੈਠ ਗਿਆ ਪਰ ਨੀਝ ਲਾਕੇ ਉਸਨੂੰ ਤਕਦਾ ਰਿਹਾ।

ਕੁਦਰਤ ਦੇ ਖਜ਼ਾਨੇ ਨੂੰ ਅਗਰ ਸਮਝਣਾ ਹੋਏ ਤਾਂ ਤੁਹਾਨੂੰ ਕੁਦਰਤ ਦੇ ਨੇੜੇ ਹੋਣਾ ਪਏਗਾ। ਉਸਦੇ ਅਰਥ ਜਾਨਣ ਲਈ ਹਿਰਦਾ ਉਤਨਾ ਹੀ ਵਿਸ਼ਾਲ ਕਰਨਾ ਪਏਗਾ। ਕੁਦਰਤ ਦੇ ਹਰ ਨਿੱਕੇ ਤੋਂ ਨਿੱਕੇ ਭੇਦ ਵਿਚ ਵੀ ਹਜ਼ਾਰਾਂ ਸਵਾਲ ਛੁਪੇ ਹੁੰਦੇ ਹਨ ਤੇ ਉਹਦਾ ਜਵਾਬ ਵੀ ਉਹਦੇ ਵਿਚ ਹੀ ਹੁੰਦਾ ਹੈ। ਹਰ ਸਵਾਲ ਦਾ ਜਵਾਬ ਜਾਨਣ ਲਈ ਕੁਦਰਤ ਨਾਲ ਇਕ-ਮਿਕ ਹੋਣਾ ਪਏਗਾ ਤੇ ਕੁਦਰਤ ਵਿਚ ਲੀਨ ਹੋਣਾ ਪਏਗਾ। ਕੁਦਰਤ ਨੇ ਇਸ ਧਰਤੀ ਉਤੇ ਹਰ ਜੀ ਹੀ ਇਤਨਾ ਅਦਭੁਦਤਾ ਭਰਿਆ ਪੈਦਾ ਕੀਤਾ ਹੈ ਜਿਵੇਂ ਉਸਨੇ ਹਰ ਜੀ ਨੂੰ ਆਪਣਾ ਰੂਪ ਦੇ ਦਿਤਾ ਹੋਵੇ। ਜਿਹਨਾਂ ਕੁਦਰਤ ਨੂੰ ਜਾਣਿਆ ਉਹ ਕਹਿ ਗਏ ਹਨ ਕਿ ਜੇ ਤੁਸੀਂ ਕੁਦਰਤ ਦੇ ਇਕ ਜੀ ਨੂੰ ਸਮਝ ਲਉ ਤਾਂ ਸਾਰੀ ਕੁਦਰਤ ਦਾ ਭੇਦ ਤੁਹਾਨੂੰ ਸਮਝ ਆ ਜਾਵੇਗਾ ਪਰ ਇਹ ਸੰਭਵ ਨਹੀਂ ਹੁੰਦਾ। ਸਭ ਕੁਝ ਸਮਝ ਲੈਣਾ ਇਕ ਜਾਣੇ ਲਈ ਸੰਭਵ ਨਹੀਂ ਹੁੰਦਾ ਤੇ ਕੁਦਰਤ ਇਸ ਤਰ੍ਹਾਂ ਬੇਅੰਤ ਹੋ ਜਾਂਦੀ ਹੈ ਤੇ ਸਮਝਣ ਵਾਲਾ ਬੌਣਾ । ਇਸ ਲਈ ਥੋੜਾ ਬਹੁਤ ਜਾਨਣ ਲਈ ਵੀ ਕੁਦਰਤ ਜਿਤਨੇ ਵਿਸ਼ਾਲ ਹਿਰਦੇ ਦੀ ਲੋੜ ਪੈਂਦੀ ਹੈ।

ਉਸਦੀਆਂ ਅੱਖਾਂ ਵਲ ਤਕਿਆ ਤਾਂ ਸਮੁੰਦਰ ਦੀ ਗਹਿਰਾਈ ਨਜ਼ਰੀਂ ਪਈ ਜਿਸ ਵਿਚ ਕੀ ਛੁਪਿਆ ਹੋਏਗਾ ਇਹ ਜਾਨਣਾ ਮੁਸ਼ਕਲ ਹੋਏ। ਕੁਦਰਤ ਦੀ ਬੇਅੰਤਤਾ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੋਏ ਤੇ ਕੰਢੇ ਪਈ ਰੇਤ ਤੋਂ ਕੁਝ ਵੀ ਨਾ ਜਾਣਿਆ ਜਾ ਸਕਦਾ ਹੋਏ। ਉਂਜ ਪਾਣੀ ਹੀ ਪਾਣੀ ਤੇ ਪਾਣੀ ਦਾ ਅੰਦਾਜ਼ਾ ਨਹੀਂ ਸੀ ਲਗਾਇਆ ਜਾ ਸਕਦਾ। ਅੰਦਰ ਬਾਹਰ ਕਈ ਦਰਿਆ ਆਪਣੇ ਵਿਚ ਸਮੋਈ ਬੈਠਾ। ਉਹ ਦਰਿਆ ਵੀ ਜੋ ਕਦੀ ਹੜਾਂ ਨਾਲ ਤਬਾਹੀ ਮਚਾ ਚੁਕੇ ਹੋਣ। ਬੇਸ਼ਕ ਤਬਾਹੀ ਦਾ ਰਾਗ ਮਤਲਬ ਹੀ ਅਲਾਪਦਾ ਹੋਏ ਤੇ ਬਾਕੀ ਸਾਰੀ ਕਾਇਨਾਤ ਇਹਨਾਂ ਹੜਾਂ ਨੂੰ ਵੀ ਕਿਸੇ ਹੋਰ ਦ੍ਰਿਸ਼ਟੀ ਤੋਂ ਤਕਦੀ ਹੋਵੇ। ਇਸਤੋਂ ਪਹਿਲਾਂ ਕਿ ਉਹ ਸਮੁੰਦਰ ਨੂੰ ਪੜ੍ਹਦਾ ਪੜ੍ਹਦਾ ਸਮੁੰਦਰ ਨਾ ਹੋ ਜਾਏ, ਇਸਤੋਂ ਪਹਿਲਾਂ ਕਿ ਸਮੁੰਦਰ ਦੀ ਰੇਤ ਵਿਚ ਰੇਤ ਨਾ ਹੋ ਜਾਏ, ਉਸ ਆਪਣਾ ਧਿਆਨ ਬਦਲਣ ਲਈ ਨਿਗਾਹ ਇਧਰ ਉਧਰ ਘੁੰਮਾਈ।

ਅਸਮਾਨ ਵਰਗਾ ਚਿਹਰਾ ਜਿਸਦੇ ਸਾਰੇ ਰੰਗਾਂ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੋਏ। ਕਦੀ ਕਿਤੇ ਕਾਲੇ ਘਨਘੋਰ ਕਾਲੇ ਬਦਲਾਂ ਨਾਲ ਭਰਿਆ, ਕਿਤੇ ਬਿਜਲੀ ਕੜਕਦੀ, ਕਿਤੇ ਪਾਣੀ ਭਰਿਆ ਤੇ ਕਿਤੇ ਬਰਫ ਨਾਲ ਭਰਿਆ ਹੋਇਆ। ਕਿਤੇ ਕੁਦਰਤ ਨੂੰ ਪਾਲਣਹਾਰ ਬਣਿਆ ਤੇ ਕਿਤੇ ਖੌਫਨਾਕ ਬਣਿਆ ਹੋਇਆ। ਕਦੀ ਮੀਂਹ ਵਰ੍ਹ ਜਾਣ ਤੋਂ ਬਾਅਦ ਸਾਫ ਨਜ਼ਰ ਆਉਂਦਾ , ਜਿਸ ਵਿਚ ਦਿਨ ਰਾਤ ਆਪਣਾ ਰੰਗ ਭਰਦੇ ਰਹਿੰਦੇ। ਕਦੀ ਹਨੇਰੀਆਂ ਝੱਖੜਾਂ ਨਾਲ ਗ੍ਰਸਤ, ਕਦੀ ਧੁਪਾਂ ਦਾ ਕਹਿਰ, ਕਦੀ ਖੁਸ਼ਬੂਆਂ ਨਾਲ ਮਹਿਕਦਾ, ਕਦੀ ਸੁਹਾਵਣਾ ਬਣਿਆ ਹੋਇਆ, ਕਦੀ ਇਸ ਮੌਸਮ ਵਰਗਾ ਤੇ ਕਦੀ ਉਸ ਮੌਸਮ ਵਰਗਾ। ਮੇਰੀ ਤੁਛ ਨਜ਼ਰ ਇਸਦਾ ਕੁਝ ਵੀ ਅੰਦਾਜ਼ਾ ਲਾਉਣ ਤੋਂ ਜਿਵੇਂ ਅਸਮਰਥ ਸੀ ਪਰ ਉਹ ਗੀਤ ਦਾ ਰੁਖ਼ ਦੇਖਣ ਵਿਚ ਮਗਨ ਸੀ ਕਿ ਇਸ ਮੀਂਹ ਵਰਗੇ ਬੋਲਾਂ ਵਿਚ ਕੀ ਸੱਚਾਈ ਛੁਪੀ ਹੋਈ ਹੈ। ਮੀਂਹ ਜੋ ਤੂਫਾਨ ਵੀ ਬਣ ਜਾਂਦਾ ਹੈ, ਹੜ੍ਹ ਵੀ ਬਣ ਜਾਂਦਾ ਹੈ। ਕਦੀ ਕੁਦਰਤ ਉਸ ਵਿਚ ਇਸ਼ਨਾਨ ਕਰਦੀ ਨਜ਼ਰ ਆਉਂਦੀ, ਕਦੀ ਤ੍ਰਿਹ ਮਿਟਾਉਂਦੀ ਤੇ ਕਦੀ ਹਰਿਆਲੀ ਦੇ ਛੱਟੇ ਦੇਂਦੀ। ਮੇਰੀ ਨਿਗਾਹ ਦੀ ਸੀਮਾ ਵੀ ਜਿਵੇਂ ਮੇਰੇ ਵਾਂਗ ਤੁਛ ਸੀ, ਉਹ ਉਤਨਾ ਕੁ ਹੀ ਦੇਖ ਰਹੀ ਸੀ ਜਿਤਨੀ ਦੂਰ ਤਕ ਦੇਖ ਸਕਦੀ ਸੀ ਤੇ ਅੱਗੇ ਸਿਰਫ ਮੇਰੀ ਆਪਣੀ ਸਮਝ ਅੰਦਾਜ਼ਿਆਂ ਤਕ ਸੀਮਤ ਨਜ਼ਰ ਆ ਰਹੀ ਸੀ।

ਪਾਣੀ ਦੀ ਛੱਲ ਵਰਗੀ ਇਕ ਕੁੜੀ ਨੇ ਕੋਈ ਉਸਨੂੰ ਫਰਮਾਇਸ਼ ਕੀਤੀ। ਉਹ ਹੱਸ ਪਿਆ। ਜਿਵੇਂ ਮੀਂਹ ਤੋਂ ਬਾਅਦ ਅਸਮਾਨ ਵਿਚ ਬੱਦਲ ਵੀ ਹੋਣ ਤੇ ਸੂਰਜ ਦੀ ਰੌਸ਼ਨੀ ਨੇ ਮੌਕੇ ਦੀ ਨਜਾਕਤ ਨੂੰ ਪਹਿਚਾਣਦਿਆਂ ਸਤਰੰਗੀ ਪੀਂਘ ਪਾ ਲਈ ਹੋਵੇ। ਪੀਂਘ ਅਸਮਾਨ ਉਤੇ ਵਿਛ ਗਈ ਹੋਵੇ ਜਿਸ ਵਿਚ ਆਮ ਮਨੁੱਖਾਂ ਦੇ ਸੁਪਨੇ ਝੂਟੇ ਲੈਂਦੇ ਖੁਸ਼ੀ ਨਾਲ ਖੀਵੇ ਹੋ ਰਹੇ ਹੋਣ। ਉਸਦੇ ਹਾਸੇ ਤੇ ਫਰਮਾਇਸ਼ ਵਿਚ ਸ਼ਾਇਦ ਪੀਂਘ ਉਤੇ ਝੂਟਾ ਲੈਣ ਵਾਲਿਆਂ ਦੇ ਜਿਵੇਂ ਹੁਲਾਰੇ ਸਾਂਝੇ ਸੀ ਕਿ ਦੁਖ ਦਰਦ ਹਵਾ ਨਾਲ ਸਾਂਝ ਪੈਦਾ ਕਰ ਹਵਾ ਵਿਚ ਇੰਜ ਫੈਲ ਗਿਆ ਹੋਏ ਕਿ ਉਹ ਵੀ ਖੁਸ਼ੀ ਵਰਗਾ ਮਹਿਸੂਸ ਹੋਣ ਲੱਗੇ, ਉਸ ਗਾਉਣਾ ਸੁਰੂ ਕੀਤਾ।

ਇਹ ਜੋ ਮੈਂ ਹਲਫ ਪਕਾਇਆ
ਨਾਂ ਰਖਿਆ ਗਊ ਜਾਇਆ
ਜਿਸਦੀ ਖੱਲ ਦੀ ਜੁਤੀ ਬਣ ਗਈ
ਸ਼ੋਰਬਾ ਲੋਕੀਂ ਢਿਡੀ ਪਾਇਆ

ਉਸਦੀ ਚੁਪ ਵੀ ਬਹੁਤ ਭਿਅਨਕ ਲਗਦੀ ਸੀ। ਉਹ ਇੰਨਾਂ ਕੁ ਗਾ ਕੇ ਚੁਪ ਕਰ ਗਿਆ। ਫਰਮਾਇਸ਼ ਕਰਨ ਵਾਲੀ ਕੁੜੀ ਪਤਾ ਨਹੀਂ ਉਸਦੀ ਚੁਪ ਤੋਂ ਤ੍ਰਹਿ ਕੇ ਉਥੋਂ ਚਲੇ ਗਈ ਸੀ ਜਾਂ ਫਰਮਾਇਸ਼ ਪੂਰੀ ਹੋ ਜਾਣ ਕਰਕੇ। ਤ੍ਰਹਿ ਇਸ ਲਈ ਵੀ ਗਈ ਹੋ ਸਕਦੀ ਹੈ ਕਿ ਗੀਤ ਦੀ ਫਰਮਾਇਸ਼ ਉਸਦੀ ਚਾਹਤ ਹੋ ਸਕਦੀ ਹੈ ਤੇ ਚੁਪ ਦਾ ਤੂਫਾਨ ਉਸਨੂੰ ਸਹਿਣਾ ਪਏਗਾ ਇਹ ਉਸਦੀ ਚਾਹਤ ਨਹੀਂ ਸੀ। ਕੋਈ ਹਵਾ ਦੇ ਬੁੱਲੇ ਲਈ ਝੱਖੜ ਦੀ ਉਮੀਦ ਨਹੀਂ ਕਰਦਾ।

ਮੈਂ ਕਿਥੇ ਜਾਂਦਾ । ਮੈਂ ਤੂਫਾਨ ਦਾ ਕਹਿਰ ਵੀ ਝੱਲਣਾ ਸੀ । ਮੇਰੇ ਕਈ ਅਧੂਰੇ ਸਵਾਲਾਂ ਦੇ ਜਵਾਬ ਇਸ ਤੂਫਾਨ ਦੇ ਕਹਿਰ ਵਿਚ ਗੋਤੇ ਖਾ ਰਹੇ ਸਨ।

ਮਨੁੱਖ ਆਪਣੇ ਇਤਿਹਾਸ ਦੀ ਪੈੜ ਵਿਚ ਇਸ ਲਈ ਵੜਦਾ ਹੈ ਕਿ ਉਹ ਆਪਣੇ ਮਨ ਨੂੰ ਦਿਲਾਸਾ ਦੇ ਸਕੇ। ਉਂਝ ਇਤਿਹਾਸ ਦੀ ਪੈੜ ਵਿਚ ਹੁੰਦਾ ਹੀ ਕੀ ਹੈ? ਸਾਡੇ ਵਾਂਗ ਹੀ ਲੋਕ ਇਸ ਜੱਗ ਉਤੇ ਆਏ ਤੇ ਆਪਣੇ ਹਿੱਸੇ ਦੀ ਹਸਤੀ ਦਿਖਾ ਚਲਦੇ ਬਣੇ। ਪਰ ਮਨੁੱਖ ਇਤਿਹਾਸ ਦੀਆਂ ਪੈੜਾਂ ਵਿਚ ਇਤਨਾ ਗੁਆਚ ਜਾਂਦਾ ਹੈ ਕਿ ਉਸਨੂੰ ਆਪਣੀ ਹਸਤੀ ਦੀ ਯਾਦ ਵੀ ਭੁਲ ਜਾਂਦੀ ਹੈ।

ਅਤੀਤ ਦੀਆਂ ਥਮੀਆਂ ਉਤੇ ਆਪਣਾ ਅੱਜ ਟਿਕਾ ਲੈਂਦਾ ਹੈ ਤੇ ਕਿਸੇ ਰਸਤੇ ਉਤੇ ਚਲਣ ਦੀ ਬਜਾਏ ਕਿਸੇ ਰਸਤੇ ਦੀਆਂ ਭੂਲ ਭੁਲਈਆਂ ਵਿਚ ਗੁੰਮ ਹੋ ਕੇ ਰਹਿ ਜਾਂਦਾ ਹੈ। ਰਸਤੇ ਉਤੇ ਚਲਣ ਦੀ ਬਜਾਏ ਰਸਤੇ ਦੀ ਪੂਜਾ ਵਿਚ ਉਲਝ ਕੇ ਰਹਿ ਜਾਂਦਾ ਹੈ। ਸ਼ਾਇਦ ਮੈਂ ਹੀ ਗਲਤ ਹਾਂ । ਇਹ ਗੀਤ ਜਿਸ ਵਿਚ ਮੇਰੇ ਸਵਾਲਾਂ ਦੇ ਜਵਾਬ ਛੁਪੇ ਹੋਏ ਹਨ, ਮੈਂ ਉਹਨਾਂ ਨੂੰ ਸਮਝਣ ਲਈ ਇਥੇ ਰੁਕਿਆ ਸੀ ਪਰ ਮੈਂ ਉਸ ਸੱਚ ਵਿਚ ਇਸ ਤਰ੍ਹਾਂ ਉਲਝ ਕੇ ਰਹਿ ਜਾਵਾਂਗਾ ਮੈਂ ਖੁਦ ਨਹੀਂ ਜਾਣਦਾ ਸਾਂ।

ਉਹ ਤਾਂ ਇਕ ਸੱਚ ਹੈ ਜੋ ਮੇਰੇ ਸਾਮਣੇ ਨੱਚ ਰਿਹਾ ਹੈ, ਸੱਚ ਜੋ ਉਹ ਤੇ ਉਸਦਾ ਗੀਤ ਹਨ। ਸੱਚ ਜੋ ਤੂਫਾਨ ਵਰਗਾ ਨਜ਼ਰ ਆ ਰਿਹਾ ਹੈ। ਸੱਚ ਜਿਸ ਤੋਂ ਲੋਕ ਤ੍ਰਹਿ ਕੇ ਪਾਸਾ ਵਟ ਰਹੇ ਹਨ।

ਮੈਂ ਉਸ ਵਿਚ ਆਪਣੇ ਆਪ ਨੂੰ ਇਸੇ ਲਈ ਧਕੇਲ ਰਿਹਾ ਸਾਂ ਕਿ ਆਪਣੇ ਅੰਦਰ ਸੁਲਗ ਰਹੇ ਸਵਾਲ ਜਾਂ ਤਾਂ ਆਪਣਾ ਜਵਾਬ ਪਾ ਸਕਣ ਜਾਂ ਸੜ ਕੇ ਰਾਖ ਹੋ ਜਾਣ ਤੇ ਇਹ ਤੂਫਾਨ ਸਦਾ ਲਈ ਉਸਦਾ ਨਾਮੋ ਨਿਸ਼ਾਨ ਮਿਟਾ ਦੇਣ।

ਉਸ ਨੇ ਨਿਗਾਹ ਉਪਰ ਚੁਕੀ ਤਾਂ ਮੈਂ ਘਬਰਾ ਗਿਆ। ਜੇਠ ਹਾੜ ਦੀ ਧੁਪ ਵਾਂਗ ਪਿੰਡਾ ਸਾੜ ਰਹੀ ਸੀ। ਉਸਦੇ ਸਾਹ ਵਗਦੀ ਲੋ ਵਾਂਗ ਹੋਰ ਵੀ ਤਕਲੀਫਦੇਹ ਸਨ। ਸੂਰਜ ਜੋ ਦੇਵਤਾ ਵੀ ਹੈ, ਸੂਰਜ ਜੋ ਕਹਿਰ ਵੀ ਢਾਉਂਦਾ ਹੈ। ਸੂਰਜ ਵਲ ਦਾ ਸਫਰ ਕਿਹੋ ਜਿਹਾ ਹੋ ਸਕਦਾ ਹੈ। ਸੂਰਜ ਦੀ ਖੋਜ ਕਰਨ ਵਾਲਾ ਸੂਰਜ ਪਾਸ ਪਹੁੰਚਣ ਤੋਂ ਕਿਤਨਾ ਚਿਰ ਪਹਿਲਾਂ ਭਸਮ ਹੋ ਜਾਏਗਾ, ਜਿਹਨ ਵਿਚ ਇਹ ਸਵਾਲ ਨਹੀਂ ਸੀ। ਇਹ ਸਫਰ ਮੁਮਕਿਨ ਨਹੀਂ ਸੀ।

ਮਨੁੱਖ ਦਾ ਹਸ਼ਰ ਉਸਨੇ ਗਊ ਜਾਏ ਤੋਂ ਵਖਰਾ ਨਹੀਂ ਤਕਿਆ ਸੀ। ਗਊ ਜਾਇਆ ਜਿਸਦਾ ਵੀਰਯ ਮਸ਼ੀਨਾ ਵਿਚ ਮਹਿਫੂਜ ਹੋ ਚੁਕਾ ਸੀ ਤੇ ਬੇਕਾਰ ਹੋਇਆ ਆਪ ਕਿਸੇ ਮੀਟ ਕੱਟਣ ਵਾਲੇ ਆਰੇ ਅੱਗੇ ਆਪਣੀ ਵਾਰੀ ਦੀ ਉਡੀਕ ਵਿਚ ਸੀ।

ਬਹੁਤ ਕੁਝ ਬੇਕਾਰ ਹੋ ਚੁਕਾ ਹੈ। ਬਹੁਤ ਕੁਝ ਹੋ ਜਾਵੇਗਾ। ਮਨੁੱਖ ਦਾ ਕੀ ਕੁਝ ਗੁੰਮ ਹੋ ਚੁਕਾ ਹੈ ਤੇ ਕੀ ਕੁਝ ਹੋ ਜਾਵੇਗਾ, ਸ਼ਾਇਦ ਕੋਈ ਨਹੀਂ ਜਾਣਦਾ। ਉਸ ਪਾਸ ਕੀ ਬਚ ਗਿਆ ਹੈ ਤੇ ਉਸਦੀ ਕੀ ਕੀਮਤ ਲਗੇਗੀ, ਇਹ ਸਵਾਲ ਬਣ ਚੁਕੇ ਹਨ। ਬਿਰਧ ਤੇ ਅਪੰਗ ਕਿਤੇ ਆਪਣੀ ਵਾਰੀ ਦੀ ਉਡੀਕ ਵਿਚ ਨਾ ਲਗ ਜਾਣ ਤੇ ਗਰੀਬ ਵੀ ਕਦੀ ਬੇਕਾਰ ਹੋ ਕੋਹਲੂ ਦਾ ਬਲਦ ਵੀ ਨਾ ਰਹੇ ਤੇ ਕਿਸੇ ਮਸ਼ੀਨ ਦਾ ਹਿੱਸਾ ਨਾ ਹੋ ਜਾਏ ਜਾਂ ਕਿਸੇ ਤਕੜੀ ਦੀਆਂ ਲਾਛਾਂ ਨਾ ਬਣ ਜਾਏ।

ਵਗਦਾ ਦਰਿਆ ਉਛਾਲੇ ਮਾਰਦਾ ਵਿਸ਼ਾਲ ਸਮੁੰਦਰ ਵਿਚ ਆ ਕੀ ਖਟਦਾ ਹੈ, ਕੀ ਗੁਆਉਂਦਾ ਹੈ ਜਾਂ ਕੀ ਬਣਦਾ ਹੈ ਇਹ ਦਰਿਆਵਾਂ ਦੀ ਵਿਥਿਆ ਨਹੀਂ ਹੈ । ਸੂਕਦੇ ਦਰਿਆ ਜੇ ਹੜ੍ਹ ਵੀ ਲੈ ਆਉਂਦੇ ਰਹੇ ਤਾਂ ਇਸ ਵਿਚ ਵੀ ਇਹ ਪਤਾ ਨਹੀਂ ਕਿ ਉਹਨਾਂ ਕੁਦਰਤ ਦੀ ਖਿਦਮਤ ਲਈ ਕਿਤਨਾ ਹਿੱਸਾ ਪਾ ਦਿਤਾ । ਉਸਦੇ ਚਿਹਰੇ ਨੂੰ ਮੈਂ ਦਰਿਆ ਜਾਂ ਸਮੁੰਦਰ ਨਹੀਂ ਕਹਿ ਸਕਦਾ। ਉਸਦੀ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਸੀ। ਮੈਨੂੰ ਉਸ ਦਰਿਆ ਤੇ ਸਮੁੰਦਰ ਵਿਚ ਕੋਈ ਅੰਤਰ ਨਹੀਂ ਸੀ ਲਗਦਾ।

ਉਸਨੇ ਉਬਾਸੀ ਲਈ। ਜਾਗ ਤੇ ਨੀਂਦ ਦੀ ਸਾਂਝ ਹੀ ਸਰੀਰ ਹੈ। ਮਨੁੱਖਾ ਸਰੀਰ ਨੇ ਕਦ ਪੰਛੀਆ ਦੀ ਨਕਲ ਕਰਦਿਆਂ ਆਪਣਾ ਸੰਤੁਲਨ ਦੋ ਲਤਾਂ ਉਤੇ ਰੱਖਣਾ ਸਿਖਿਆ ਤੇ ਕਦ ਪਸ਼ੂ ਤੋਂ ਸਮਾਜੀ ਹੁੰਦਿਆਂ ਚਾਰ ਲਤਾਂ 'ਚੋਂ ਦੋ ਨੂੰ ਬਾਹਾਂ ਬਣਾ ਲਿਆ ਸ਼ਾਇਦ ਇਹ ਮਨੁੱਖ ਨੇ ਖੋਜ ਕਰ ਲਈ ਹੈ ਜਾਂ ਕਰ ਰਿਹਾ ਹੈ, ਮੈਂ ਨਹੀਂ ਜਾਣਦਾ। ਮਨੁੱਖ ਦੀ ਕੀਤੀ ਰੀਸ ਉਸਨੂੰ ਪੰਛੀ ਨਹੀਂ ਬਣਾ ਸਕੀ, ਪੰਛੀਆਂ ਦੇ ਖੰਭ ਬਾਹਾਂ ਨਾਲੋਂ ਵਧ ਉਹਨਾਂ ਨੂੰ ਉਡਾਰੀ ਭਰਨ ਦੇ ਸਮਰਥ ਬਣਾਉਂਦੇ ਹਨ। ਮਨੁੱਖ ਪੈਰਾਂ ਦੇ ਸੰਤੁਲਨ ਨਾਲ ਮੂੰਹ ਉਤਾਂਹ ਚੁਕਣ ਜੋਗਾ ਹੀ ਹੋ ਸਕਿਆ ਤੇ ਪੰਛੀਆਂ ਦੀਆਂ ਉਡਾਰੀਆਂ ਤਕ ਕੇ ਮਨ ਬਹਿਲਾਉਂਦਾ ਰਿਹਾ । ਪਸ਼ੂਆਂ ਨਾਲੋਂ ਥੋੜਾਂ ਲੱਕ ਸਿੱਧਾ ਕਰਨ ਦੇ ਸਮਰਥ।

ਸੋਚ ਉਚੇ ਥਾਂ ਰੱਖਕੇ ਸਮਾਜੀ ਬਣ ਗਿਆ। ਮਨੁੱਖ ਦੀ ਸੋਚ ਉਚੀ ਹੈ, ਉਸਦਾ ਸਮਾਜ ਜਾਂ ਉਹ ਖੁਦ ਆਪ, ਮੈਂ ਉਸ ਵੱਲ ਦੇਖ ਕੇ ਉਸਦੇ ਗੀਤ ਨੂੰ ਸੁਣ ਕੋਈ ਸਵਾਲ ਦਾ ਹੱਲ ਨਾ ਤਲਾਸ਼ ਸਕਿਆ ਤੇ ਮੈਂ ਵੀ ਹੋਰਾਂ ਵਾਂਗ ਆਪਣਾ ਆਪ ਸਮੇਟ ਆਪਣੇ ਆਪ ਨੂੰ ਅਧੂਰਾ ਸਮਝਦਿਆਂ ਅਗਲੀਆਂ ਭੰਵਰ ਭੌਰੀਆਂ ਵਲ ਵਧ ਗਿਆ।

# HAPPY TRAVELS AGENCY



Harjit (Happy)
Agency Owner
HappyTravels Agency

Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World

Email: happytravelsusa@yahoo.com
PHONE: 209-594-8473
E-FAX: 877-623-6177

1743 GRAND CANAL BLVD
12 STOCKTON, CA 95207

Mikasa HOMES & FUNDING

# Rakesh Chander

Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE SPECIAL ITEMS.

BUFFET LUNCH
11:00 AM TO 3:00 PM.

WE ARE OPEN SEVEN DAYS
11AM TO 10PM



ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

Contact Us:
Ph. 510-885-1212,
Fax 510-885-1532



Surinder Koka
www.haywardtandoor.com

FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

# Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available
Variety of Sandwiches are also available




Ram Gopal

Features
All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi

Ram Gopal (916) 448-6239
200 "J" Street, Sacramento, CA 95814

# Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ **"CAP CONSUMER ASSITANT PROGRAM"** ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ **$500.00** ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ **www.smogcheck.ca.gov** ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ **DMV** ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

(916) 992-9004

SMOG N TAG

(916) 334-7664
6421 Watt Ave.
North Highlands, CA 95660

$10.00 Off initial Smog Check
Restrictions Apply - See Store for Details

STAR Certified

# ਆਦਿ ਧਰਮ ਲਹਿਰ ਤੇ ਡਾ: ਅੰਬੇਡਕਰ


**ਮੂਲ ਲੇਖਕ: ਡੀ. ਸੀ. ਅਹੀਰ**

1915 ਵਿਚ ਜਦੋਂ ਡਾ. ਬੀ. ਆਰ. ਅੰਬੇਦਕਰ ਨਿਊਯਾਰਕ ਵਿਚ ਕੋਲੰਬੀਆ ਯੂਨੀਵਰਸਿਟੀ ਵਿਖੇ ਆਪਣੇ ਪੀ. ਐਚ. ਡੀ. ਥੀਸਿਸ ਨੂੰ ਅੰਤਿਮ ਛੋਹਾਂ ਦੇ ਰਹੇ ਸਨ ਤਾਂ ਇਕ ਪੰਜਾਬੀ ਨੌਜਵਾਨ ਜਿਹੜਾ ਕੁਝ ਸਾਲ ਪਹਿਲਾਂ ਅਮਰੀਕਾ ਗਿਆ ਸੀ, ਭਾਰਤ ਵਿਚ ਗਦਰ ਮਚਾਉਣ ਲਈ ਕੈਲੀਫੋਰਨੀਆ ਤੋਂ ਪੰਜਾਬ ਵਾਸਤੇ ਹਥਿਆਰਾਂ ਦੀ ਸਮਗਲਿੰਗ ਦੇ ਖਤਰਨਾਕ ਮਿਸ਼ਨ ਵਿਚ ਸ਼ਾਮਲ ਸੀ। ਇਹ ਪੰਜਾਬੀ ਨੌਜਵਾਨ ਮਗਰੋਂ ਬਾਬੂ ਮੰਗੂ ਰਾਮ, ਬਾਨੀ ਆਦਿ ਧਰਮ ਲਹਿਰ ਵਜੋਂ ਮਸ਼ਹੂਰ ਹੋਇਆ। ਮੰਗੂ ਰਾਮ ਦਾ ਜਨਮ 14 ਜਨਵਰੀ 1886 ਈ. ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਛੋਟੇ ਜਿਹੇ ਪਿੰਡ ਮੁੱਗੋਵਾਲ ਵਿਚ ਇਕ ਅਛੂਤ ਪਰਿਵਾਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਚਮੜੇ ਦਾ ਵਪਾਰੀ ਸੀ। ਉਦੋਂ ਬਰਤਾਨਵੀ ਹਕੂਮਤ ਨੇ ਸਾਰੇ ਲੋਕਾਂ ਵਾਸਤੇ ਸਿੱਖਿਆ ਲਈ ਦਰਵਾਜ਼ੇ ਖੋਲ੍ਹ ਦਿੱਤੇ ਸਨ। ਮੰਗੂ ਰਾਮ ਨੂੰ ਪਿੰਡ ਦੇ ਨੇੜੇ ਮਾਹਿਲਪੁਰ ਵਿਚਲੇ ਸਕੂਲੇ ਪੜ੍ਹਨ ਪਾਇਆ ਗਿਆ ਪਰ ਉਨ੍ਹਾਂ ਨਾਲ ਹਿੰਦੂ ਅਧਿਆਪਕ ਨੇ ਅਣਮਨੁੱਖੀ ਸਲੂਕ ਕੀਤਾ। ਸਤਾਰਾ ਵਿਚ ਭੀਮ ਰਾਓ ਵਾਂਗ, ਮੰਗੂ ਰਾਮ ਨੂੰ ਵੀ ਕਲਾਸ ਤੋਂ ਬਾਹਰ ਬੈਠਣਾ ਪੈਂਦਾ ਸੀ। ਇੱਥੇ ਹੀ ਬੱਸ ਨਹੀਂ, ਅਧਿਆਪਕ ਉਨ੍ਹਾਂ ਨੂੰ ਸਿੱਧਿਆਂ ਨਹੀਂ ਪੜ੍ਹਾਉਂਦਾ ਸੀ, ਉਨ੍ਹਾਂ ਨੂੰ ਹਮੇਸ਼ਾ ਇਕ ਮੁਸਲਿਮ ਵਿਦਿਆਰਥੀ ਰਾਹੀਂ ਸਬਕ ਦਿੱਤਾ ਜਾਂਦਾ ਸੀ। ਫਿਰ ਵੀ ਮੰਗੂ ਰਾਮ ਮਿਡਲ ਦਾ ਇਮਤਿਹਾਨ ਪਾਸ ਕਰ ਗਏ ਤੇ ਨੇੜੇ ਦੇ ਕਸਬੇ, ਬਜਵਾੜਾ ਵਿਚਲੇ ਸਕੂਲ ਵਿਚ ਦਾਖਲਾ ਲੈ ਲਿਆ। ਇੱਥੇ ਵੀ, ਉਨ੍ਹਾਂ ਨਾਲ ਅਪਮਾਨ ਜਨਕ ਸਲੂਕ ਹੋਇਆ ਤੇ ਉਨ੍ਹਾਂ ਨੂੰ ਕਲਾਸ ਰੂਮ ਤੋਂ ਬਾਹਰ ਬੈਠਣਾ ਪੈਂਦਾ ਸੀ। ਇਕ ਦਿਨ, ਇੰਨੀ ਭਾਰੀ ਵਰਖਾ ਹੋਈ ਕਿ ਦਰੱਖਤ ਦੀ ਓਟ ਦੇ ਬਾਵਜੂਦ, ਮੰਗੂ ਰਾਮ ਪਾਣੀ ਨਾਲ ਬੁਰੀ ਤਰ੍ਹਾਂ ਭਿੱਜ ਗਏ। ਜਦੋਂ ਨ੍ਹੇਰੀ-ਝੱਖੜ ਨਾਲ ਅਹਿਣ ਉਨ੍ਹਾਂ ਉਤੇ ਮਿਸਾਇਲਾਂ ਵਾਂਗ ਡਿੱਗੀ ਤਾਂ ਉਹਨਾਂ ਤੋਂ ਹੋਰ ਬਹੁਤਾ ਬਰਦਾਸ਼ਤ ਨਾ ਹੋ ਸਕਿਆ। ਸੋ, ਉਹ ਭੱਜ ਕੇ ਕਲਾਸ ਰੂਮ ਅੰਦਰ ਜਾ ਵੜੇ। ਉਹ ਜਿਉਂ ਹੀ ਕਮਰੇ ਅੰਦਰ ਦਾਖਲ ਹੋਏ, ਅਧਿਆਪਕ ਨੇ ਉਨ੍ਹਾਂ ਨੂੰ ਦੇਖ ਲਿਆ। ਕੋਈ ਹਮਦਰਦੀ ਦਿਖਾਉਣ ਦੀ ਬਜਾਏ ਉਸ ਨੇ ਉਹਨਾਂ ਉਤੇ ਡੰਡੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ ਕਿ ਉਹ ਅੰਦਰ ਕਿਉਂ ਆਏ ਹਨ। ਰੋਂਦਿਆਂ-ਵਿਲਕਦਿਆਂ ਮੰਗੂ ਰਾਮ ਬਾਹਰ ਆਏ ਤੇ ਜਿਵੇਂ-ਕਿਵੇਂ ਆਪਣੇ ਘਰ ਪਹੁੰਚ ਗਏ।

ਬੇਇੱਜ਼ਤੀ ਤੇ ਕੁੱਟਮਾਰ ਨੂੰ ਨਜ਼ਰ ਅੰਦਾਜ਼ ਕਰਦਿਆਂ, ਮੰਗੂ ਰਾਮ ਅਗਲੇ ਦਿਨ ਫਿਰ ਸਕੂਲ ਗਏ। ਉਹ ਜਿਉਂ ਹੀ ਉਥੇ ਪਹੁੰਚੇ, ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਅਧਿਆਪਕ ਪਾਣੀ ਦੇ ਛਿੱਟੇ ਮਾਰ ਕੇ ਕਲਾਸ ਰੂਮ ਵਿਚਲੇ ਮੇਜ਼-ਕੁਰਸੀ ਤੇ ਟਾਟ ਜਿਹਨਾਂ ਉਤੇ ਵਿਦਿਆਰਥੀ ਬਹਿੰਦੇ ਸਨ, ਨੂੰ ਭਿੱਟ ਦੂਰ ਕਰਕੇ ਪਵਿੱਤਰ ਕਰ ਰਿਹਾ ਸੀ। ਮੰਗੂ ਰਾਮ ਵੱਲ ਦੇਖਦਿਆਂ ਬ੍ਰਾਹਮਣ ਅਧਿਆਪਕ ਉੱਚੀ ਦੇਣੀ ਬੋਲਿਆ, 'ਤੂੰ ਫਿਰ ਆ ਗਿਆ ਉਏ ਚੰਡਾਲ।'

ਹੋਰ ਕੁਟਾਪੇ ਤੋਂ ਡਰਦਿਆਂ ਮੰਗੂ ਰਾਮ ਉਨ੍ਹੀਂ ਪੈਰੀਂ ਵਾਪਸ ਮੁੜ ਗਏ ਤੇ ਫਿਰ ਕਦੇ ਸਕੂਲ ਨਾ ਗਏ। ਇਹ ਉਨ੍ਹਾਂ ਦੀ ਪੜ੍ਹਾਈ ਦਾ ਅੰਤ ਸੀ।

ਆਪਣੀ ਪੜ੍ਹਾਈ ਦੇ ਅਚਨਚੇਤ ਖਾਤਮੇ ਨਾਲ ਮੰਗੂ ਰਾਮ ਵਿਹਲੇ ਹੋ ਗਏ ਤੇ ਪ੍ਰੇਸ਼ਾਨ ਵੱਖਰਾ। ਸਾਲ 1909 ਵਿਚ ਪਿੰਡ ਦੇ ਹੋਰ ਮੁੰਡਿਆਂ ਨਾਲ ਉਹ ਅਮਰੀਕਾ ਵਿਚਲੇ ਕੈਲੀਫੋਰਨੀਆ ਨੂੰ ਕਮਾਈਆਂ ਕਰਨ ਲਈ ਚਲੇ ਗਏ। ਉਹ ਫਰੈਜ਼ਨੋ ਦੇ ਪੀਚ ਔਰਚਰਡ ਤੇ ਕੇਂਦਰੀ ਕੈਲੀਫੋਰਨੀਆ ਦੀ ਸਾਂ ਜੋਆਕੁਇਨ ਵਿਚ ਕੰਮ ਕਰਦੇ ਰਹੇ। ਪੈਸੇ ਕਮਾਉਣ ਦੀ ਬਜਾਏ, ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਪਾਰਟੀ ਦੀ ਅਗਵਾਈ ਅੰਤਰ-ਰਾਸ਼ਟਰੀ ਪੱਧਰ ਉਤੇ ਲਾਲਾ ਹਰਦਿਆਲ ਕਰ ਰਹੇ ਸਨ। ਭਾਰਤ ਦੀ ਆਜ਼ਾਦੀ ਦੇ ਮਨੋਰਥ ਪ੍ਰਤੀ ਮੰਗੂ ਰਾਮ ਦੀ ਲਗਨ ਤੇ ਸੁਹਿਰਦਤਾ ਨੂੰ ਦੇਖਦਿਆਂ ਉਹਨਾਂ ਉਤੇ ਬਹੁਤ ਭਰੋਸਾ ਕੀਤਾ ਗਿਆ ਤੇ ਪਾਰਟੀ ਦਾ ਵਫ਼ਾਦਾਰ ਮੰਨਿਆ ਗਿਆ, ਸਾਲ 1915 ਵਿਚ, ਮੰਗੂ ਰਾਮ ਪੰਜ ਗਦਰੀਆਂ ਵਿਚੋਂ ਇਕ ਸਨ, ਜਿਹਨਾਂ ਨੂੰ ਹਥਿਆਰ ਤੇ ਤਰਥੱਲੀ ਮਚਾਉਣ ਵਾਲਾ ਸਾਹਿਤ ਦੇ ਕੇ ਭਾਰਤ ਭੇਜਿਆ ਗਿਆ। ਉਹ ਜਹਾਜ਼, ਬਦਕਿਸਮਤੀ ਨੂੰ ਬਰਤਾਨਵੀ ਹਕੂਮਤ ਵੱਲੋਂ ਬਤਾਵੀਆ ਵਿਚ ਫੜਿਆ ਗਿਆ ਤੇ ਸੀਲ ਕਰ ਦਿੱਤਾ ਗਿਆ। ਇਹ ਤਕਰੀਬਨ ਇਕ ਸਾਲ ਸੀਲ ਰਿਹਾ ਤੇ ਉਹ ਪੰਜ ਗਦਰੀ ਕੈਦੀਆਂ ਵਜੋਂ ਉਸ ਦੇ ਅੰਦਰ ਹੀ ਰਹੇ। ਇਸੇ ਦੌਰਾਨ, ਉਨ੍ਹਾਂ ਉਤੇ ਮੁਕੱਦਮਾ ਚਲਾਇਆ ਗਿਆ ਤੇ ਜਹਾਜ਼ ਰਾਹੀਂ ਗੈਰ-ਕਾਨੂੰਨੀ ਤੌਰ ਤੇ ਹਥਿਆਰਾਂ ਨੂੰ ਲਿਜਾਉਣ ਬਦਲੇ ਮੌਤ ਦੀ ਸਜ਼ਾ ਸੁਣਾਈ ਗਈ। ਸਜ਼ਾ ਸੁਣਾਏ ਜਾਣ ਮਗਰੋਂ ਕਈ ਦੇਸ਼-ਭਗਤ ਹਿੰਦੁਸਤਾਨੀ, ਜੋ ਜਰਮਨ ਵਿਚ ਰਹਿੰਦੇ ਸਨ, ਨੇ ਇਹਨਾਂ ਗਦਰੀਆਂ ਦੀ ਮਦਦ ਕਰਨ ਦਾ ਫੈਸਲਾ ਕੀਤਾ। ਕਿਸੇ ਤਰ੍ਹਾਂ, ਉਹ ਸੀਲ ਕੀਤੇ ਜਹਾਜ਼ ਵਿਚੋਂ ਕੈਦੀਆਂ ਨੂੰ ਕੱਢ ਕੇ ਲੈ ਗਏ। ਫਿਰ ਉਨ੍ਹਾਂ ਨੂੰ ਵੱਖ-ਵੱਖ ਦਿਸ਼ਾਵਾਂ ਵਿਚ ਭੇਜ ਦਿੱਤਾ। ਮੰਗੂ ਰਾਮ ਨੂੰ ਮਨੀਲਾ ਜਾਣ ਵਾਲੇ ਜਹਾਜ਼ ਵਿਚ ਬਿਠਾ ਦਿੱਤਾ ਗਿਆ। ਤੇ ਫਿਰ ਗਲਤੀ ਨਾਲ (ਕੰਪਾਸ ਖਰਾਬ ਹੋਣ ਕਾਰਨ- ਅਨੁਵਾਦਕ) ਜਹਾਜ਼ ਸਿੰਗਾਪੁਰ ਪਹੁੰਚ ਗਿਆ। ਬਦਕਿਸਮਤੀ ਨੂੰ, ਮੰਗੂ ਰਾਮ ਨੂੰ ਇੱਥੇ ਕੁਝ ਦੇਸ਼-ਧਰੋਹੀਆਂ ਨੇ ਪਛਾਣ ਜੋ ਪਹਿਲਾਂ ਗਦਰ ਪਾਰਟੀ ਲਈ ਕੰਮ ਕਰਦੇ ਸਨ। ਉਨ੍ਹਾਂ ਪੁਲਿਸ ਨੂੰ ਸੂਹ ਦੇ ਦਿੱਤੀ। ਹੁਣ ਬਤਾਵੀਆ ਤੋਂ ਭਗੌੜੇ ਹੋਇਆਂ ਦਾ ਡੈਥ ਵਾਰੰਟ ਬਰਤਾਨਵੀ ਸਰਕਾਰ ਵੱਲੋਂ ਜਾਰੀ ਕਰ ਦਿੱਤਾ ਗਿਆ ਕਿ ਉਨ੍ਹਾਂ ਪੰਜਾਂ ਵਿਚੋਂ ਕੋਈ ਵੀ ਫੜਿਆ ਜਾਵੇ ਤਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਉਸੇ ਅਨੁਸਾਰ, ਸਿੰਗਾਪੁਰ ਪੁਲਿਸ ਮੌਤ ਦੇ ਘਾਟ ਉਤਾਰਨ ਦੀ ਤਿਆਰੀ ਕਰ ਰਹੀ ਸੀ ਕਿ ਸਬੱਬੀਂ ਇਕ ਚਮਤਕਾਰ ਹੋਇਆ। ਮੌਤ ਦੇ ਮੂੰਹ ਵਿਚ ਜਾਣ ਤੋਂ ਅੱਧਾ ਘੰਟਾ ਪਹਿਲਾਂ, ਬਰਡੇ ਨਾਂ ਦਾ ਇਕ ਬੰਦਾ ਆਇਆ, ਜਿਸ ਨੂੰ ਮੰਗੂ ਰਾਮ ਨੇ ਪਹਿਲਾਂ ਕਦੇ ਨਹੀਂ ਦੇਖਿਆ ਸੀ, ਬਾਹੋਂ ਫੜ ਕੇ ਥਾਣੇ ਤੋਂ ਬਾਰ ਲੈ ਗਿਆ ਤੇ ਮੁੜ ਉਸੇ ਜਹਾਜ਼ ਵਿਚ ਬਿਠਾ ਦਿੱਤਾ, ਜਿਸ ਵਿਚ ਮੰਗੂ ਰਾਮ ਆਏ ਸਨ, ਤੇ ਉਸ ਨੇ ਕੈਪਟਨ ਨੂੰ ਕਿਹਾ ਕਿ ਜਹਾਜ਼ ਮਨੀਲਾ ਨੂੰ ਲੈ ਜਾਵੇ। ਇੰਨੇ ਨੂੰ ਪੁਲਿਸ ਹਰਕਤ ਵਿਚ ਆ ਗਈ ਤੇ ਜਹਾਜ਼ ਸਿੰਗਾਪੁਰ ਦੀ ਹੱਦ ਪਾਰ ਕਰ ਗਿਆ ਸੀ। ਜਹਾਜ਼ ਨੂੰ ਫੜ ਨਾ ਸਕਣ ਕਾਰਨ, ਪੁਲਿਸ ਨੇ ਆਪਣੀ ਨਲਾਇਕੀ ਨੂੰ ਛੁਪਾਉਣ ਖਾਤਰ ਕਿਸੇ ਸ਼ਰਾਬੀ (ਹਿੰਦੁਸਤਾਨੀ) ਨੂੰ ਫੜ ਕੇ ਫਾਂਸੀ ਚੜ੍ਹਾ ਦਿੱਤਾ। ਮਗਰੋਂ ਇਹ ਖ਼ਬਰ ਭਾਰਤੀ ਅਖ਼ਬਾਰਾਂ ਵਿਚ ਛਪੀ।



ਅਦਾਰਾ ਦੇਸ਼ ਦੁਆਬਾ ਡੀ. ਸੀ. ਅਹੀਰ ਜੀ ਨੂੰ ਉਹਨਾਂ ਦੀ ਦੂਜੀ ਬਰਸੀ ਤੇ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।

ਇਸ ਘਟਨਾ ਉਪਰੰਤ ਮੰਗੂ ਰਾਮ 7-8 ਸਾਲ ਫਿਲਪੀਨਜ਼ ਵਿਚ ਲੁਕ-ਛਿਪ ਕੇ ਰਹਿੰਦੇ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਦਾ ਆਪਣੇ ਪਰਿਵਾਰ ਨਾਲ ਕੋਈ ਸੰਪਰਕ ਨਾ ਰਿਹਾ। ਫੜੇ ਜਾਣ ਦੇ ਡਰੋਂ ਉਹਨਾਂ ਕੋਈ ਚਿੱਠੀ-ਪੱਤਰ ਵੀ ਨਹੀਂ ਲਿਖਿਆ ਸੀ। ਉਹਨਾਂ ਨੂੰ ਮਰ-ਮੁੱਕੇ ਸਮਝ ਕੇ ਉਹਨਾਂ ਦੀ ਪਤਨੀ ਨੂੰ ਮੰਗੂ ਰਾਮ ਦੇ ਵੱਡੇ ਭਰਾ ਜੋ ਰੰਡਾ ਸੀ, ਦੇ ਬਿਠਾ ਦਿੱਤਾ। ਸਾਲ 1924 ਵਿਚ ਬਰਤਾਨਵੀ ਹਕੂਮਤ ਵੱਲੋਂ ਜਾਰੀ ਡੈਥ ਵਾਰੰਟ ਦੀ ਮਿਆਦ ਪੁੱਗ ਗਈ। ਫਿਰ ਮੰਗੂ ਰਾਮ ਨੇ ਭਾਰਤ ਪਰਤਣ ਲਈ ਸੋਚਿਆ। ਸਾਲ 1925 ਵਿਚ ਉਹ ਵਾਪਸ ਪੰਜਾਬ ਆ ਗਏ। ਛੇਤੀ ਹੀ ਮਗਰੋਂ, ਮੰਗੂ ਰਾਮ ਇਕ ਹੋਰ ਸੁਤੰਤਰਤਾ ਸੰਗਰਾਮ ਵਿਚ ਸ਼ਾਮਲ ਹੋ ਗਏ, ਉਹ ਸੀ ਅਛੂਤਾਂ ਦੀ ਮੁਕਤੀ। ਉਹ ਲੋਕ ਜਿਨ੍ਹਾਂ ਵਿਚਾਲੇ ਉਹ ਪੈਦਾ ਹੋਏ- ਜਿਹੜੇ ਹਿੰਦੂਆਂ ਦੇ ਅੱਤਿਆਚਾਰਾਂ ਦਾ ਅਕਸਰ ਸ਼ਿਕਾਰ ਹੁੰਦੇ ਰਹਿੰਦੇ ਸਨ। ਬਾਬੂ ਮੰਗੂ ਰਾਮ ਦੇ ਗਦਰ ਪਾਰਟੀ ਨਾਲ ਗਹਿਗੱਚ ਮੇਲ ਜੋਲ ਸਦਕਾ ਉਹਨਾਂ ਦਾ ਨਜ਼ਰੀਆ ਵਿਆਪਕ ਤੇ ਵਿਸ਼ਾਲ ਹੋ ਗਿਆ ਸੀ ਤੇ ਇਕ ਜਥੇਬੰਦਕ ਵਜੋਂ ਉਨ੍ਹਾਂ ਦੀ ਮਹਾਰਤ ਤੇਜ਼-ਤਿੱਖੀ ਹੋ ਗਈ ਸੀ। ਛੇਤੀ ਹੀ ਉਹਨਾਂ ਆਪਣੀ ਸੋਚ ਵਾਲੇ ਸਾਥੀਆਂ ਨੂੰ ਤਲਾਸ਼ਿਆ ਤੇ ਹਿੰਦੂ ਸਮਾਜਿਕ ਗੁਲਾਮੀ ਦੇ ਸ਼ਿਕੰਜੇ ਵਿਚੋਂ ਦੱਬੇ-ਕੁਚਲੇ ਲੋਕਾਂ ਨੂੰ ਮੁਕਤੀ ਕਰਾਉਣ ਲਈ ਉਹਨਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ।

ਆਪਣੇ ਵਿਚਾਰਾਂ ਨੂੰ ਵੱਡੇ ਹੁਲਾਰੇ ਤੇ ਹੁੰਗਾਰੇ ਤੋਂ ਉਤਸ਼ਾਹਿਤ ਹੁੰਦਿਆਂ, ਬਾਬੂ ਮੰਗੂ ਰਾਮ ਨੇ 11-12 ਜੂਨ 1926 ਨੂੰ ਆਪਣੇ ਪਿੰਡ ਮੁੱਗੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਕ ਕਾਨਫਰੰਸ ਬੁਲਾਈ। ਕਾਨਫਰੰਸ ਵਿਚ ਵੱਡੀ ਗਿਣਤੀ ਵਿਚ ਪਹੁੰਚੇ ਅਛੂਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਅਛੂਤ ਇਕ ਵੱਖਰੀ ਕੌਮ ਹਨ, ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਵਾਂਗ। ਅਛੂਤ ਇਸ ਦੇਸ਼ ਦੇ ਮੂਲ ਨਿਵਾਸੀ ਹਨ। ਖੈਰ, ਲਹਿਰ ਦਾ ਨਾਂ ਆਦਿ ਧਰਮ ਰੱਖਿਆ ਗਿਆ। ਲੀਡਰਾਂ ਨੇ ਵੱਖਰਾ ਤੇ ਨਿਆਰਾ ਪਹਿਰਾਵਾ ਪਹਿਨਿਆ ਜਿਵੇਂ ਗੂਹੜੀ ਲਾਲ ਪੱਗੜੀ ਤੇ ਨਵਾਂ ਪਵਿੱਤਰ ਮੰਤਰ ਜਾਂ ਪ੍ਰਤੀਕ (ਬੈਜ), ਸੋਂਹ ਸ਼ਬਦ ਅਪਣਾਇਆ। ਲੋਕਾਂ ਨੂੰ ਆਪਣੇ-ਆਪ ਨੂੰ ਆਦਿ ਧਰਮੀ ਕਹਿਣ-ਕਹਾਉਣ ਲਈ ਆਖਿਆ।

ਆਦਿ ਧਰਮ ਦਾ ਮੁਢਲਾ ਮਨੋਰਥ ਅਛੂਤਾਂ ਨੂੰ ਇਕ ਬਦਲਵਾਂ ਧਰਮ ਮੁਹੱਈਆ ਕਰਵਾਉਣਾ ਸੀ। ਇਸ ਦਾ ਇਕ ਹੋਰ ਮਨੋਰਥ ਆਪਣੇ ਸਮਾਜ ਨੂੰ ਅੰਦਰੋਂ ਸੁਧਾਰਨਾ ਸੀ। ਆਦਿ ਧਰਮ ਨੇ ਲੋਕਾਂ ਨੂੰ ਅਮਰ ਅਭਿਆਸਾਂ ਤੋਂ ਮੁਕਤ ਕੀਤਾ ਤੇ ਸਾਫ-ਸੁਥਰੀ ਜ਼ਿੰਦਗੀ ਜਿਊਣ ਲਈ ਆਖਿਆ। ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਦੀ ਮਨਾਹੀ ਕੀਤੀ। ਲੜਕੇ ਤੇ ਲੜਕੀਆਂ ਨੂੰ ਪੜ੍ਹਾਉਣ ਤੇ ਸਮਾਜ ਦੇ ਸਾਰੇ ਮਰਦਾਂ ਤੇ ਔਰਤਾਂ ਨਾਲ ਬਰਾਬਰੀ ਦਾ ਸਲੂਕ ਕਰਨ ਲਈ ਹਦਾਇਤਾਂ ਕੀਤੀਆਂ। ਸਮੁੱਚੇ ਤੌਰ ਤੇ ਲਹਿਰ ਦਾ ਮਨੋਰਥ ਅਛੂਤਾਂ ਨੂੰ ਆਦਿ ਧਰਮ ਦੇ ਮੈਂਬਰਾਂ ਵਜੋਂ ਮਾਣ-ਸਤਿਕਾਰ ਦੀ ਭਾਵਨਾ ਦੇਣਾ ਸੀ। ਆਦਿ ਧਰਮ ਮੰਡਲ ਦਾ ਹੈਡਕੁਆਰਟਰ ਜਲੰਧਰ ਸ਼ਹਿਰ ਵਿਚ ਸਥਾਪਤ ਕੀਤਾ ਗਿਆ, ਜਿੱਥੋਂ ਲਹਿਰ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਇਆ ਗਿਆ ਤੇ ਸਮਰਪਿਤ ਮਿਸ਼ਨਰੀਆਂ ਨੇ ਪੰਜਾਬ (ਲਹਿੰਦੇ ਪੰਜਾਬ ਸਮੇਤ) ਦੇ ਦੂਰ-ਦੁਰਾਡੇ ਇਲਾਕਿਆਂ ਤੇ ਉਸ ਤੋਂ ਵੀ ਬਾਹਰ ਦੇ ਇਲਾਕਿਆਂ ਵਿਚ ਲਹਿਰ ਦੇ ਸੰਦੇਸ਼ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਮੰਡਲ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੂੰ ਆਪਣਾ ਅਧਿਆਤਮਕ ਰਹਿਬਰ ਮੰਨਿਆ ਤੇ ਲਹਿਰ ਚਮਾਰਾਂ (ਤੇ ਬਾਲਮੀਕੀਆਂ) ਦਰਮਿਆਨ ਸ਼ੁਰੂ ਵਿਚ ਹਰਮਨ ਪਿਆਰੀ ਹੋ ਗਈ।

ਉਸ ਵੇਲੇ, ਬਾਬੂ ਮੰਗੂ ਰਾਮ ਆਦਿ ਧਰਮ ਦੇ ਝੰਡੇ ਹੇਠ ਅਛੂਤਾਂ ਨੂੰ ਜਥੇਬੰਦ ਕਰ ਰਹੇ ਸਨ ਤੇ ਉਧਰ ਡਾ. ਅੰਬੇਦਕਰ ਦੇਸ਼ ਦੇ ਇਕ ਹੋਰ ਹਿੱਸੇ ਵਿਚ ਅਜਿਹੀ ਹੀ ਲੜਾਈ ਲੜ ਰਹੇ ਸਨ। ਭਾਵੇਂ ਉਹਨਾਂ ਦੇ ਕੰਮ ਦਾ ਖੇਤਰ ਸੈਂਕੜੇ-ਹਜ਼ਾਰਾਂ ਮੀਲ ਦੂਰ ਸੀ ਪਰ ਉਹਨਾਂ ਦੇ ਵਿਚਾਰ ਤੇ ਸੰਘਰਸ਼ ਦੇ ਤਰੀਕੇ ਤਕਰੀਬਨ ਇਕੋ-ਜਿਹੇ ਸਨ। ਦੋਵਾਂ ਦਾ ਵਿਸ਼ਵਾਸ ਸੀ ਕਿ ਅਨੁਸੂਚਿਤ ਜਾਤੀਆਂ ਹਿੰਦੂ ਨਹੀਂ ਹਨ ਅਤੇ ਉਹਨਾਂ ਦੀ ਗੁਲਾਮੀ ਦਾ ਛੁਟਕਾਰਾ ਹਿੰਦੂ ਧਰਮ ਤੋਂ ਮੁਕਤ ਹੋਣ ਵਿਚ ਹੈ।

ਦੋਵਾਂ ਆਗੂਆਂ ਦਾ ਵਿਸ਼ਵਾਸ ਆਪਣੀ ਮਦਦ ਆਪ ਕਰਨ ਵਿਚ ਸੀ ਅਤੇ ਆਪਣੇ ਮੰਤਵ-ਮਨੋਰਥ ਦੀ ਪ੍ਰਾਪਤੀ ਲਈ ਸ਼ਾਂਤਮਈ ਤਰੀਕਿਆਂ ਦੀ ਵਕਾਲਤ ਸੀ। ਦੋਵਾਂ ਨੇ ਸਿੱਖਿਆ ਉਤੇ ਭਰਵਾਂ ਜ਼ੋਰ ਦਿੱਤਾ। ਬਾਬਾ ਸਾਹਿਬ ਨੇ ਸਿੱਖਿਆ ਨੂੰ ਸਮੁੱਚੀ ਤਰੱਕੀ ਦੀ ਚਾਬੀ ਵਜੋਂ ਵਿਚਾਰਿਆ ਜਦਕਿ ਮੰਗੂ ਰਾਮ ਦਾ ਕਹਿਣਾ ਸੀ ਕਿ 'ਸਿੱਖਿਆ ਸਾਨੂੰ ਸੱਚਖੰਡ (ਸਚਾਈ ਦਾ ਮੰਡਲ) ਵੱਲ ਲਿਜਾਂਦੀ ਹੈ।' ਹੋਰ ਅੱਗੇ, ਬਾਬਾ ਸਾਹਿਬ ਨੇ ਸਿੱਖਿਆ, ਸੰਘਰਸ਼ ਤੇ ਸੰਗਠਨ' ਦੀਆਂ ਤਿੰਨ ਪ੍ਰਮੁੱਖ ਗੱਲਾਂ ਲੋਕਾਂ ਨੂੰ ਮੰਨਣ ਲਈ ਆਖਿਆ ਜਦਕਿ ਮੰਗੂ ਰਾਮ ਅਨੁਸਾਰ ਗਰੀਬਾਂ ਕੋਲ ਤਿੰਨ ਕਿਸਮ ਦੀਆਂ ਤਾਕਤਾਂ ਹਨ: ਕੌਮੀਅਤ (ਸਮੂਹਿਕ ਇਕਮੁੱਠਤਾ), ਮਜ਼ਹਬ (ਅਧਿਆਤਮਕਤਾ) ਤੇ ਮਜਲਿਸ (ਸੰਗਠਨ)।'

ਆਦਿ ਧਰਮ ਦੀ ਸਥਾਪਨਾ ਤੋਂ ਇਕ ਸਾਲ ਮਗਰੋਂ ਲਹਿਰ ਨੇ ਲਗਾਤਾਰ ਰੈਲੀਆਂ ਤੇ ਕਾਨਫਰੰਸਾਂ ਸਦਕਾ ਪੰਜਾਬ ਵਿਚ ਇਕ ਵਿਆਪਕ ਲਹਿਰ ਖੜ੍ਹੀ ਕਰ ਦਿੱਤੀ ਜਿਸ ਕਾਰਨ ਉਸ ਵੇਲੇ ਦੀ ਸਰਕਾਰ ਅਛੂਤਾਂ ਦੀਆਂ ਸਮੱਸਿਆਵਾਂ ਉਤੇ ਧਿਆਨ ਦੇਣ ਲੱਗ ਪਈ। ਅਛੂਤਾਂ ਦੀ ਗਰੀਬੀ ਤੇ ਸ਼ੋਸ਼ਣ ਦੇ ਕਾਰਨਾਂ ਵਿਚੋਂ ਇਕ ਬੇਗਾਰ ਦੀ ਪ੍ਰਥਾ ਸੀ ਯਾਨਿ ਉਹ ਪ੍ਰਥਾ ਜਿਸ ਅਧੀਨ ਉਹ ਰਹਿਣ ਲਈ ਮਜਬੂਰ ਸਨ, ਉਹ ਸੀ ਜਬਰੀ ਕੰਮ ਕਰਾਉਣਾ ਤੇ ਇਵਜ਼ ਵਿਚ ਉਜ਼ਰਤ ਕੋਈ ਨਹੀਂ। ਆਦਿ ਧਰਮ ਮੰਡਲ ਨੇ ਬੇਗਾਰ ਪ੍ਰਥਾ ਵਿਰੁੱਧ ਸੰਘਰਸ਼ ਕੀਤਾ ਤੇ ਉਹਨਾਂ ਨੂੰ ਖਤਮ ਕਰਵਾਇਆ। ਮੰਡਲ ਨੇ ਪੰਜਾਬ ਇੰਤਕਾਲ ਇਰਾਜ਼ੀ ਕਾਨੂੰਨ ਵਿਰੁੱਧ ਜ਼ਬਰਦਸਤ ਸੰਘਰਸ਼ ਕੀਤਾ ਜਿਸ ਰਾਹੀਂ ਅਛੂਤਾਂ ਨੂੰ ਜ਼ਮੀਨ ਦਾ ਇਕ ਛੋਟਾ ਜਿੰਨਾ ਟੁਕੜਾ ਖਰੀਦਣ ਦੀ ਵੀ ਮਨਾਹੀ ਸੀ। ਆਦਿ ਧਰਮ ਮੰਡਲ 1931 ਦੀ ਮਰਦਮਸ਼ੁਮਾਰੀ ਸਮੇਂ ਆਪਣੀ ਪੂਰੀ ਚੜ੍ਹਤ ਉਤੇ ਸੀ। ਲਗਾਤਾਰ ਪ੍ਰਚਾਰ ਦੇ ਨਤੀਜੇ ਵਜੋਂ, ਤਕਰੀਬਨ 5 ਲੱਖ ਲੋਕਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਐਲਾਨਿਆ। ਇਹ ਹਕੀਕਤ ਆਦਿ ਧਰਮ ਦੇ ਆਗੂਆਂ ਦੀ ਜਥੇਬੰਦਕ ਮਹਾਰਤ ਨੂੰ ਦਰਸਾਉਂਦੀ ਹੈ। ਜਿਵੇਂ ਕਿ ਮਾਰਕ ਜੁਰਗਨਮੇਅਰ ਲਿਖਦਾ ਹੈ, ''ਵੱਡੀ ਗਿਣਤੀ ਵਿਚ ਲੋਕਾਂ ਦੇ ਸਮਰਥਨ ਨੇ ਰਾਜਨੀਤਿਕ ਸਰਮਾਇਆ ਪੈਦਾ ਕੀਤਾ ਤੇ ਮੰਗੂ ਰਾਮ ਨੇ ਇਸ ਸਰਮਾਏ ਨੂੰ ਰਾਜਸੀ ਤਰੀਕਿਆਂ ਨਾਲ ਵਰਤਿਆ।'' ਆਦਿ ਧਰਮ ਉਮੀਦਵਾਰ ਜਨਤਕ ਮਹਿਕਮਿਆਂ ਲਈ ਖੜ੍ਹੇ ਹੋਏ ਤੇ ਯੂਨੀਅਨਿਸਟ ਪਾਰਟੀ ਨਾਲ ਗੱਠਜੋੜ ਕੀਤਾ। ਦੋਹਾਂ ਮਿਸਾਲਾਂ ਵਿਚ ਆਦਿ ਧਰਮ ਮੰਡਲ ਦੁਆਰਾ ਅਨੁਸੂਚਿਤ ਜਾਤੀਆਂ ਦੇ ਆਗੂਆਂ ਨੇ ਲੋਕ-ਰੁਤਬਿਆਂ ਨੂੰ ਪ੍ਰਾਪਤ ਕੀਤਾ। *– Ad Dharm Movement and Dr. Ambedkar ਵਿਚੋਂ ਧੰਨਵਾਦ ਸਹਿਤ।*

**ਅਨੁਵਾਦ: ਬਲਬੀਰ ਮਾਧੋਪੁਰੀ**

*(ਚਲਦਾ)*

# ਲੋਕਤੰਤਰ ਵਿਚ ਬਹੁਜਨ ਨੂੰ ਨਕਾਰਿਆ ਨਹੀਂ ਜਾ ਸਕਦਾ- ਕਾਂਸ਼ੀ ਰਾਮ

ਉਦੈਪੁਰ ਦੇ ਬੈਂਕ ਤਿਰਾਹੇ ਤੇ ਇਕ ਵਾਰ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਇਕ ਸਮਾਰੋਹ ਵਿਚ ਕਿਹ ਸੀ ਕਿ ਦੇਸ਼ ਵਿਚ ਹਜ਼ਾਰਾਂ ਸਾਲਾਂ ਤੋਂ ਚੱਲ ਰਹੇ ਮਨੂੰਵਾਦੀ ਵਿਵਸਥਾ ਦੇ ਕਾਰਨ ਬਹੁਜਨ ਸਮਾਜ ਦੇ ਲੋਕਾਂ ਨਾਲ ਬਹੁਤ ਅੱਨਿਆ ਹੋਇਆ ਹੈ।

ਹਜ਼ਾਰਾਂ ਸਾਲ ਤੋਂ ਅੱਨਿਆਦੇ ਸ਼ਿਕਾਰ ਦਲਿਤ-ਸ਼ੋਸ਼ਿਤ ਅਤੇ ਪੱਛੜੇ ਵਰਗ ਦੇ ਲੋਕ ਬਹੁਜਨ ਸਮਾਜ ਅਤੇ ਬਹੁਜਨ ਸਮਾਜ ਪਾਰਟੀ ਨੂੰ ਮਜ਼ਬੂਤ ਬਣਾ ਕੇ ਹੀ ਨਿਆਂ ਅਤੇ ਅੱਗੇ ਵਧਣ ਦਾ ਮੌਕਾ ਹਾਸਲ ਕਰ ਸਕਦੇ ਹਨ, ਜਿਸਦਾ ਉਤਰ ਪ੍ਰਦੇਸ਼ ਵਿਚ ਬਸਪਾ ਦੀ ਮਾਇਆਵਤੀ ਸਰਕਾਰ ਦਾ ਕਾਰਜਕਾਰੀ ਆਦਰਸ਼ ਉਦਾਹਰਣ ਹੈ।

ਉਹਨਾਂ ਕਿਹਾ ਸੀ ਕਿ ਕਾਂਗਰਸ, ਭਾਜਪਾ, ਜਨਤਾ ਦਲ ਆਦਿ ਅਨੁਸੂਚਿਤ ਜਾਤੀਆਂ/ਜਨਜਾਤੀਆਂ ਅਤੇ ਹੋਰ ਪੱਛੜੇ ਵਰਗ ਦੇ ਲੋਕਾਂ ਨੂੰ ਬੇਵਕੂਫ ਬਣਾ ਕੇ ਆਪਣੇ ਹਿੱਤ ਪੂਰਦੇ ਰਹੇ ਹਨ। ਇਹ ਦਲਿਤ ਵਿਰੋਧੀ ਹਨ। ਉਤਰ ਪ੍ਰਦੇਸ਼ ਵਿਚ ਮਾਇਆਵਤੀ ਦੀ ਅਗਵਾਈ ਵਿਚ ਬਸਪਾ ਦੀ ਸਰਕਾਰ ਨੇ ਆਪਣੇ 6 ਮਹੀਨੇ ਦੇ ਕਾਰਜਕਾਲ ਵਿਚ ਇਕ ਆਦਰਸ਼ ਪੇਸ਼ ਕੀਤਾ ਹੈ। ਉਤਰ ਪ੍ਰਦੇਸ਼ ਵਿਚ ਜਾਤੀ ਦੇ ਆਧਾਰ ਤੇ ਤੋੜੇ ਗਏ ਲੋਕਾਂ ਨੂੰ ਜੋੜ ਕੇ ਬਸਪਾ ਨੇ ਬਹੁਜਨ ਸਮਾਜ ਬਣਾਇਆ ਹੈ ਅਤੇ ਸੱਤਾ ਤੱਕ ਪਹੁੰਚੀ ਹੈ। ਉਤਰ ਪ੍ਰਦੇਸ਼ ਵਰਗੇ ਰਾਜ ਵਿਚ ਜਦੋਂ ਅਜਿਹਾ ਹੋ ਸਕਦਾ ਹੈ ਤਾਂ ਹੋਰ ਰਾਜਾਂ ਵਿਚ ਕਿਉਂ ਨਹੀਂ ਹੋ ਸਕਦਾ। ਉਤਰ ਪ੍ਰਦੇਸ਼ ਵਿਚ ਤਾਂ ਪਾਰਟੀ ਨੂੰ ਸਥਾਪਤ ਕਰਨ ਦੀ ਲੋੜ ਪਈ ਪਰ ਰਾਜਸਥਾਨ ਵਿਚ ਤਾਂ ਇਸਦੀ ਵੀ ਲੋੜ ਨਹੀਂ, ਸਿਰਫ ਉਤਰ ਪ੍ਰਦੇਸ਼ ਵਿਚ ਜੋ ਕੁਝ ਹੋਇਆ, ਉਸਦੀ ਨਕਲ ਮਾਰਨ ਦੀ ਜ਼ਰੂਰਤ ਹੈ। ਉਹਨਾਂ ਨੇ ਪੱਛੜਿਅ ਅਤੇ ਦਲਿਤਾਂ ਨੂੰ ਬੇਨਤੀ ਕੀਤੀ ਸੀ ਕਿ ਭਾਜਪਾ, ਕਾਂਗਰਸ, ਜਨਤਾ ਦਲ, ਕਮਿਊਨਿਸਟ ਉਹਨਾਂ ਨੂੰ ਜੁੜਨ ਨਾ ਦੇਣ ਲਈ ਕੰਮ ਕਰ ਰਹੇ ਹਨ ਅਤੇ ਕਰਨਗੇ ਪਰ ਬਹੁਜਨ ਸਮਾਜ ਪਾਰਟੀ ਜੋੜਨ ਦਾ ਕੰਮ ਕਰ ਰਹੀ ਹੈ। ਬਹੁਜਨ ਸਮਾਜ ਆਸਾਨੀ ਨਾਲ ਨਹੀਂ ਬਣਦਾ, ਉਤਰ ਪ੍ਰਦੇਸ਼ ਵਿਚ ਵੀ ਕਈ ਚੁਣੌਤੀਆਂ ਆਈਆਂ ਪਰ ਹੋਰ ਪ੍ਰਦੇਸ਼ ਦੇ ਲੋਕ ਵੀ ਹਿੰਮਤ ਨਹੀਂ ਹਾਰੇ। ਬਹੁਜਨ ਸਮਾਜ ਦੀ 85 ਫੀਸਦੀ ਵੋਟ ਹੈ ਅਤੇ ਪਿਛਲੇ ਤਜਰਬੇ ਅਜਿਹੇ ਹਨ ਕਿ 32-33 ਪ੍ਰਤੀਸ਼ਤ ਵੋਟ ਹਾਸਲ ਕਰਨ ਕਰਕੇ ਸਿਆਸੀ ਪਾਰਟੀਆਂ ਸਰਕਾਰਾਂ ਬਣਾ ਰਹੀਆਂ ਹਨ। ਅਜਿਹੇ ਵਿਚ ਬਹੁਜਨ ਸਮਾਜ ਇੱਕਜੁਟ ਹੁੰਦਾ ਹੈ ਤਾਂ ਫਿਰ ਹਰ ਜਗ੍ਹਾ ਉਹਨਾਂ ਦੀ ਹੀ ਸਰਕਾਰ ਬਣੇਗੀ।



ਦੇਸ਼ ਵਿਚ 15 ਸੌ ਅਨੁਸੂਚਿਤ ਜਾਤੀਆਂ, ਇਕ ਹਜ਼ਾਰ ਅਨੁਸੂਚਿਤ ਜਨਜਾਤੀਆਂ ਅਤੇ 3643 ਹੋਰ ਪੱਛੜੇ ਵਰਗ ਦੀਆਂ ਜਾਤੀਆਂ ਹਨ। ਕੁੱਲ ਮਿਲਾ ਕੇ ਅਜਿਹੀਆਂ ਛੇ ਹਜ਼ਾਰ ਜਾਤੀਆਂ ਹਨ। ਜੇਕਰ ਇਹ ਜਾਤੀਆਂ ਟੁਕੜਿਆਂ ਵਿਚ ਵੰਡੀਆਂ ਰਹਿੰਦੀਆਂ ਹਨ ਤਾਂ ਕਮਜ਼ੋਰ ਰਹਿਣਗੀਆਂ ਅਤੇ ਸੰਗਠਿਤ ਹੋਣ ਤੇ ਬਹੁਜਨ ਹੋ ਜਾਂਦੀਆਂ ਹਨ। ਲੋਕਤੰਤਰ ਵਿਚ ਬਹੁਜਨ ਸਮਾਜ ਨੂੰ ਨਕਾਰਿਆ ਨਹੀਂ ਜਾ ਸਕਦਾ।

ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਕਿਹਾ ਸੀ ਕਿ 1985 ਵਿਚ ਪਹਿਲੀਆਂ ਚੋਣਾਂ ਲੜੀਆਂ, ਜਿਸ ਵਿਚ ਬਸਪਾ ਨੂੰ ਕੇਵਲ 2.4 ਫੀਦੀ ਵੋਟ ਮਿਲੇ ਅਤੇ ਇਕ ਵੀ ਉਮੀਦਵਾਰ ਦੀ ਜ਼ਮਾਨਤ ਨਾ ਬਚ ਸਕੀ ਪਰ 1986 ਵਿਚ ਇਹ ਵੱਧ ਕੇ 9 ਫੀਸਦੀ ਹੋ ਗਈਆਂ। 1991 ਵਿਚ 10 ਫੀਸਦੀ, 1993 ਵਿਚ 11 ਫੀਸਦੀ ਅਤੇ 1996 ਵਿਚ 21 ਫੀਸਦੀ ਹੋ ਗਈਆਂ, ਜਦਕਿ ਦੂਜੇ ਪਾਸੇ ਕਾਂਗਰਸ ਦਾ ਵੋਟ ਪ੍ਰਤੀਸ਼ਤ ਤਾਂ 1985 ਵਿਚ 42 ਪ੍ਰਤੀਸ਼ਤ ਸੀ, ਉਹ ਘੱਟ ਕੇ ਅੱਜ 8 ਫੀਸਦੀ ਰਹਿ ਗਿਆ ਹੈ। ਡਾ. ਅੰਬੇਦਕਰ ਨੂੰ ਕਦੀ ਲੋਕ ਦੇਸ਼ ਧਰੋਹੀ ਕਹਿੰਦੇ ਸਨ ਪਰ ਬਹੁਜਨ ਸਮਾਜ ਦੇ ਲੋਕ ਜਦੋਂ ਅੱਗੇ ਆਉਣ ਲੱਗੇ ਤਾਂ ਹੋਰ ਲੋਕਾਂ ਦਾ ਵੀ ਨਜ਼ਰੀਆ ਬਦਲਿਆ। ਸਾਲ 1990 ਵਿਚ ਜਨਤਾ ਦਲ ਸਰਕਾਰ ਨੇ ਉਹਨਾਂ ਨੂੰ 'ਭਾਰਤ ਰਤਨ' ਨਾਲ ਸਲਮਾਨਿਤ ਕੀਤਾ। ਅੰਬੇਦਕਰ ਦੇ ਨਾਂ ਤੇ 11 ਸੂਤਰੀ ਗਰਾਮ ਵਿਕਾਸ ਯੋਜਨਾ ਸ਼ੁਰੂ ਕੀਤੀ ਗਈ ਪਰ ਅਫਸੋਸ ਹੈ ਕਿ ਉਤਰ ਪ੍ਰਦੇਸ਼ ਦੀ ਬਸਪਾ ਸਰਕਾਰ ਨੂੰ ਛੱਡ ਕੇ ਕਿਸੇ ਰਾਜ ਸਰਕਰ ਨੇ ਇਸਨੂੰ ਲਾਗੂ ਨਹੀਂ ਕੀਤਾ। ਰਾਜਸਥਾਨ, ਮਹਾਰਾਸ਼ਟਰ ਸਮੇਤ ਕਈ ਰਾਜਾਂ ਵਿਚ ਲੋਕਾਂ ਨੂੰ ਇਸਦੀ ਜਾਣਕਾਰੀ ਤੱਕ ਨਹੀਂ ਹੈ। ਉਤਰ ਪ੍ਰਦੇਸ਼ ਨੂੰ 15 ਹਜ਼ਾਰ ਪਿੰਡਾਂ ਵਿਚ ਬਸਪਾ ਨੇ ਇਹ ਯੋਜਨਾ ਲਾਗੂ ਕਰ ਦਿੱਤੀ ਹੈ ਅਤੇ ਜੇਕਰ ਬਸਪਾ ਨੂੰ ਤਿੰਨ ਸਾਲ ਕੰਮ ਕਰ ਦਿਖਾਉਣ ਦਾ ਮੌਕਾ ਮਿਲਿਆ ਤਾਂ ਇੰਨਾ ਕੰਮ 50 ਸਾਲਾਂ ਵਿਚ ਵੀ ਨਹੀਂ ਹੋ ਸਕੇਗਾ। ਉਤਰ ਪ੍ਰਦੇਸ਼ ਵਿਚ ਭੂਮੀ ਹੀਣ ਲੋਕਾਂ ਨੂੰ ਪੱਟਾ ਵੰਡ ਦਾ 22 ਸਾਲਾਂ ਤੋਂ ਲਟਕਦਾ ਕੰਮ ਬਸਪਾ ਸਰਕਾਰ ਨੇ 100 ਦਿਨਾਂ ਵਿਚ ਕਰ ਦਿੱਤਾ।

ਪਾਰਟੀ ਆਪਣੇ ਵਿਸਥਾਰ ਦੇ ਉਦੇਸ਼ ਨਾਲ ਰਾਜਸਥਾਨ, ਬਿਹਾਰ, ਮਹਾਰਾਸ਼ਟਰ ਅਤੇ ਦੱਖਣੀ ਰਾਜਾਂ ਵਿਚ ਵੀ ਆਧਾਰ ਬਣਿਆ ਰਿਹਾ ਹੈ। ਰਾਜਸਥਾਨ ਦੇ ਲੱਗਭੱਗ 20 ਸਥਾਨਾਂ ਤੇ ਰੈਲੀਆਂ ਕਰਨ ਤੋਂ ਬਾਅਦ 15 ਜਨਵਰੀ ਤੱਕ ਜੈਪੁਰ ਵਿਚ ਵਿਸ਼ਾਲ ਰੈਲੀ ਆਯੋਜਿਤ ਕੀਤੀ ਜਾਵੇਗੀ।

**ਬਹੁਜਨ ਸੰਗਠਕ (ਸਤੰਬਰ 24-30, 2001) ਤੋਂ ਧੰਨਵਾਦ ਸਹਿਤ**

**Satvendar Madara (Canada)**

# ਕਹਾਣੀ/ ਸੌ ਲੱਤਾਂ ਵਾਲਾ ਆਦਮੀ

ਡਾ. ਜਸਵੰਤ ਰਾਏ
098158-25999



## ਕਹਾਣੀ ਬਾਰੇ

"ਸੌ ਲੱਤਾਂ ਵਾਲਾ ਆਦਮੀ" ਕਹਾਣੀ ਦਾ ਪਾਤਰ ਕਾਲਪਨਿਕ ਨਹੀਂ ਹੈ, ਸਗੋਂ ਇਹ ਭਾਰਤ ਦੇ ਖ਼ੂਬਸੂਰਤ ਸ਼ਹਿਰ ਚੰਡੀਗੜ੍ਹ ਵਿਚ ਬਤੌਰ ਪੁਲਿਸ ਇੰਨਸਪੈਕਟਰ ਸੇਵਾ ਨਿਭਾ ਰਿਹਾ ਹੈ।ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਸਮਾਂ ਕੱਢ ਕੇ ਸਮਾਜ ਦੇ ਜਰੂਰਤਮੰਦ ਵਿਦਿਆਰਥੀ ਵਰਗ ਦੀ ਮੱਦਦ ਕਰਕੇ ਉਸਨੂੰ ਸਕੂਨ ਮਿਲਦਾ ਹੈ। ਗੁਰਬਤ ਦੇ ਮਾਰੇ ਜਿਨ੍ਹਾਂ ਘਰਾਂ ਵਿਚ ਦੀਵਾ ਵੀ ਨਹੀਂ ਜਗਦਾ ਉਹ ਉਹਨਾਂ ਘਰਾਂ ਦੀਆਂ ਹਨ੍ਹੇਰੀਆਂ ਕੋਠੜੀਆਂ ਨੂੰ ਵਿਦਿਆ ਦੇ ਦਾਨ ਸੰਗ ਰੁਸ਼ਨਾ ਚੁੱਕਾ ਹੈ। ਆਪਣੇ ਅੰਗ ਅਧੂਰੇ ਹੋਣ ਦੇ ਬਾਵਜੂਦ ਵੀ ਉਹ ਸਮਾਜ ਦੇ ਪੂਰੇ ਅੰਗਾਂ ਵਾਲੇ ਵਿਅਕਤੀਆਂ ਦੀ ਵੀ ਡੰਗੋਰੀ ਬਣਦਾ ਹੈ। ਮੈਨੂੰ ਉਹ ਬੋਰਿਸ ਪੋਲੇਵੋਈ ਦੇ ਜਗਤ ਪ੍ਰਸਿੱਧ ਨਾਵਲ ਉਅਸਲੀ ਇੰਨਸਾਨ ਦੀ ਕਹਾਣੀ" ਦਾ ਨਾਇਕ ਲਗਦਾ ਹੈ। ਰਾਮ ਦਿਆਲ ਸਚਮੁਚ ਜ਼ਿੰਦਾਦਿਲੀ ਦਾ ਪ੍ਰਤੀਕ ਹੈ।

(ਤੀਜੀ ਕਿਸਤ)

ਅਵੇਅਰਨੈੱਸ ਮਿਸ਼ਨ ਦੇ ਕੰਮਾਂ ਦਾ ਘੇਰਾ ਦਿਨੋ-ਦਿਨ ਕੌੜੀ ਵੇਲ ਵਾਂਗ ਵਧਦਾ ਜਾ ਰਿਹਾ ਸੀ। ਚੰਡੀਗੜ੍ਹ ਤੋਂ ਹੁਕੜਾਂ ਤੱਕ ਦਾ ਇੱਕ ਸੌ ਵੀਹ ਕਿਲੋਮੀਟਰ ਦਾ ਫਾਸਲਾ ਰਾਮ ਦਿਆਲ ਲਈ ਮਹਿਜ਼ ਇਕਹਿਰਾ ਕਿਲੋਮੀਟਰ ਅੰਕ ਤੱਕ ਸਿਮਟ ਕੇ ਰਹਿ ਗਿਆ ਸੀ। ਨੌਕਰੀ ਕਰਦਿਆਂ ਉਸਦਾ ਧਿਆਨ ਪਿੰਡਾਂ ਦੇ ਬੱਚਿਆਂ ਵਿਚ ਖੁਭਿਆ ਰਹਿੰਦਾ। ਉਸਦੀ ਘਰੋਗੀ ਜ਼ਿੰਦਗੀ ਵੀ ਉਸਦੇ ਕੰਮ 'ਚ ਕਦੇ ਰੁਕਾਵਟ ਨਾ ਬਣਦੀ।

ਆਏ ਸਾਲ ਰਾਮ ਦਿਆਲ ਕਿਸੇ ਨਾ ਕਿਸੇ ਅੱਤ ਲੋੜੀਂਦੇ ਸਮਾਜਿਕ ਕੰਮ ਨੂੰ ਇੱਕ ਮਿਸ਼ਨ ਦਾ ਨਾਂ ਦੇ ਕੇ ਆਪਣੇ ਪ੍ਰੋਗ੍ਰਾਮ ਦਾ ਹਿੱਸਾ ਬਣਾਉਂਦਾ ਜਾਂਦਾ। ਕੰਪਿਊਟਰ ਸਿਖਿਆ, ਅਨਾਜ ਸੰਭਾਲ ਕੈਂਪ, ਰੁਖ ਲਗਾਓ ਮੁਹਿੰਮ, ਵਿਦਿਅਕ ਟੂਰ, ਕੁੜੀਆਂ ਦੀ ਲੋਹੜੀ, ਸ਼ਹੀਦ ਭਗਤ ਸਿੰਘ ਦੇ ਪੁਰਖਿਆਂ ਦੇ ਪਿੰਡ ਖਟਕੜ ਕਲਾਂ, ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਵਿਦਿਅਕ ਤੇ ਸੱਭਿਆਚਾਰਕ ਮੁਕਾਬਲੇ ਮਿਸ਼ਨ ਦਾ ਅੰਗ ਬਣਦੇ ਗਏ। ਹਰ ਸਮਾਗਮ 'ਚ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ, ਕਾਪੀਆਂ, ਸਟੇਸ਼ਨਰੀ, ਬੂਟ-ਜ਼ੁਰਾਬਾਂ, ਹੁਸ਼ਿਆਰ ਵਿਦਿਆਰਥੀਆਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਜਾਂਦਾ।ਸਿਖਿਆ ਮਾਹਰਾਂ ਦੇ ਵਿਦਿਆਰਥੀਆਂ ਨੂੰ ਨੈਤਿਕ ਸਿਖਿਆ ਬਾਰੇ ਭਾਸ਼ਣ ਸੁਣਾਏ ਜਾਂਦੇ।

ਸਟੇਜ ਤੋਂ ਥੱਲੇ ਬੈਠਾ ਰਾਮ ਦਿਆਲ ਸਾਰੇ ਸਮਾਗਮ ਤੇ ਬਾਜ਼ ਅੱਖ ਰੱਖਦਾ।ਉਸਦੀ ਹਰ ਗੱਲ, ਹਰ ਸਲਾਹ, ਹਰ ਨਸੀਅਤ ਵਿਚ ਦਮ ਹੁੰਦਾ।ਕਈ ਵਾਰ ਮੈਨੂੰ ਆਪਣਾ ਰਾਮ ਦਿਆਲ ਅੱਗੇ ਬੌਣਾ ਲਗਦਾ।ਸਾਡੇ ਵੀਹਾਂ ਬੰਦਿਆਂ ਲਈ ਜਿਹੜੀ ਸਮੱਸਿਆ ਵੱਡੀ ਹੁੰਦੀ ਉਹ ਰਾਮ ਦਿਆਲ ਅੱਗੇ ਆ ਕੇ ਠੁੱਸ ਹੋ ਜਾਂਦੀ।ਉਸਦੀ ਇੱਛਾ ਸ਼ਕਤੀ ਅਤੇ ਸਮਰੱਥਾ ਦਾ ਮੈਂ ਲੋਹਾ ਮੰਨਦਾ। ਲਗਾਤਾਰ ਰਾਮ ਦਿਆਲ ਦੇ ਮਿਸ਼ਨ ਵਿਚ ਸਾਥ ਦੇਣ ਕਾਰਨ ਮੇਰਾ ਆਪਣਾ ਰੁਝੇਵਾਂ ਵੀ ਵੱਧ ਗਿਆ ਸੀ। ਕਈ ਵਾਰ ਇਹ ਪ੍ਰੋਗ੍ਰਾਮ ਮੈਨੂੰ ਆਪਣੀ ਪੜ੍ਹਈ ਵਿਚ ਵਿਘਨ ਜਾਪਦੇ। ਮੇਰਾ ਪੀ. ਐੱਚ. ਡੀ. ਦਾ ਖੋਜ ਕਾਰਜ ਵੀ ਖੇਤਰੀ ਸੀ। ਪਰ ਮੈਂ ਚਾਹ ਕੇ ਵੀ ਮਿਸਨ ਦੇ ਕੰਮ ਤੋਂ ਕੰਨੀ ਨਾ ਕਰ ਸਕਦਾ। ਮੈਨੂੰ ਇਹ ਸਾਰੇ ਕੰਮ ਮੇਰੇ ਆਪਣੇ ਲਗਦੇ।ਰਾਮਦਿਆਲ ਘੰਟਿਆਂ ਬੱਧੀ ਫੋ ਤੇ ਮੇਰੇ ਨਾਲ ਸਲਾਹਾਂ ਕਰਦਾ ਰਹਿੰਦਾ। ਉਠਦੇ ਬੈਠਦੇ ਉਸਨੂੰ ਦੇਸ਼ ਦੀ ਚਿੰਤਾ, ਸਮਾਜ ਦੀ ਚਿੰਤਾ ਖਾਂਦੀ ਰਹਿੰਦੀ। ਜਦੋਂ ਉਹ ਨਿੱਕੀ ਨਿੱਕੀ ਗੱਲ ਤੇ ਚਿੰਤਾ ਜ਼ਾਹਰ ਕਰਨ ਲਗਦਾ ਤਾਂ ਮੇਰੀ ਚਿੰਤਾ ਵੱਧਣ ਲਗਦੀ।

"ਦੋਸਤਾ ਕੀ ਬਣੂਗਾ ਸਾਡੇ ਦੇਸ਼ ਦਾ।ਇਹ ਅਮੀਰੀ ਗਰੀਬੀ ਦਾ ਪਾੜਾ ਕਿੱਦਾਂ ਦੂਰ ਹੋਊ। ਚੰਡੀਗੜ੍ਹ ਬੈਠਿਆਂ ਮੈਨੂੰ ਇਹ ਕੱਚੇ ਢਾਰੇ ਬਹੁਤ ਧੂਹ ਪਾਉਂਦੇ ਆ। ਕਿੱਦਾਂ ਇਹ ਲੋਕ ਇਸ ਨਰਕ 'ਚੋਂ ਨਿਕਲਣਗੇ।ਸਾਨੂੰ ਕੁਛ ਕਰਨਾ ਚਾਹੀਦਾ ਛਿੰਦਿਆ।ਕੁਚ ਨੀ ਰੱਖਿਆ ਇਸ ਦੁਨੀਆਂ ਤੇ। ਇੱਥੇ ਸਭ ਨੇ ਮਰ ਕੇ ਮੁਕਣਾ।ਪਰ ਸਾਨੂੰ ਮਰਨਾ ਵੀ ਨਹੀਂ ਆਉਂਦਾ।ਠੀਕ ਆ ਨਾ ਮੇਰੀ ਗੱਲ।ਤੂੰ ਤੇ ਕਿਤਾਬਾਂ ਪੜ੍ਹਦਾ ਰਹਿਨਾ।ਤੂੰ ਸ਼ਹੀਦ ਮਦਨ ਲਾਲ ਢੀਂਗਰਾ ਦਾ ਕਥਨ ਨੀ ਪੜ੍ਹਿਆ-ਹੌਅ ਟੂ ਡਾਈ।"

ਦੇਸ਼ ਭਗਤਾਂ ਦੀਆਂ ਗੱਲਾਂ ਛੇੜ ਕੇ ਉਹ ਬਹੁਤ ਦੂਰ ਨਿਕਲ ਜਾਂਦਾ। ਗੱਲਬਾਤ ਦਾ ਸਮਾਂ ਵਧਦਾ ਜਾਂਦਾ।ਘਰਦਿਆਂ ਵਲੋਂ ਮੇਰੇ ਲਈ ਪਾ ਕੇ ਰੱਖੀ ਰੋਟੀ ਠੰਢੀ ਹੋ ਜਾਂਦੀ, ਚਾਹ ਦੇ ਕੱਪ ਵਿਚ ਮੱਖੀ ਮਰੀ ਹੁੰਦੀ।ਮੈਨੂੰ ਕੁੱਝ ਪਤਾ ਨਾ ਚਲਦਾ।ਜਦੋਂ ਮੈਂ ਸਕੂਲ਼ ਵਿਚ ਚੱਲ ਰਹੀਆਂ ਗਤੀਵਿਧੀਆਂ, ਸਾਜੋ ਸਮਾਨ, ਸਟਾਫ ਦਾ ਰਵੱਈਆ, ਅਖ਼ਬਾਰੀ ਸੱਚ ਤੇ ਅਸਲ ਸੱਚ ਰਾਮ ਦਿਆਲ ਦੇ ਸਾਹਮਣੇ ਰੱਖਦਾ ਤਾਂ ਉਸਦੀਆਂ ਅੱਖਾਂ ਨਮ ਹੋ ਜਾਂਦੀਆਂ। ਉਹ ਡੂੰਘਾ ਸਾਹ ਭਰ ਕੇ ਕਹਿੰਦਾ-

ਤਾਂ ਤੇ ਫਿਰ ਬਦਲਿਆ ਕੁਝ ਵੀ ਨਹੀਂ ਅੱਜ ਤੱਕ। ਹੁਣ ਵੀ ਕਈ ਰਾਮ ਦਿਆਮ ਸਹਿਕਦੇ ਹੋਣਗੇ, ਤਰਸਦੇ ਹੋਣਗੇ ਥੁੜਾਂ 'ਚ ਲਿਪੇ ਹੋਏ, ਜ਼ਿੰਦਗੀ ਜਿਊਣ ਲਈ।ਸਾਨੂੰ ਕੁਝ ਕਰਨਾ ਪੈਣਾ। ਕਰਨਾ ਪੈਣਾ ਆਪਣੀ ਵਿੱਤ ਮੁਤਾਵਿਕ। ਤੂੰ ਉਹ ਕਹਾਣੀ ਸੁਣੀ ਹੋਊਗੀ ਕਿ ਕਿਵੇਂ ਇੱਕ ਚਿੜੀ ਆਪਣੀ ਚੁੰਝ ਵਿਚ ਪਾਣੀ ਲਿਆ ਲਿਆ ਕੇ ਜੰਗਲ ਦੀ ਅੱਗ ਬੁਝਾਉਣ ਦਾ ਯਤਨ ਕਰਦੀ ਆ।ਅੰਤ ਉਸ ਵੱਲ ਦੇਖ ਕੇ ਹੋਰ ਲੋਕ ਵੀ ਉਸਦੇ ਪਿੱਛੇ ਪਿੱਛੇ ਤੁਰ ਪਏ ਤੇ ਜੰਗਲ ਦੀ ਅੱਗ ਨਾ ਸਿਰਫ ਬੁਝੀ ਹੀ ਸਗੋਂ ਉਸ-ਦੀਆਂ ਤਾਜ਼ੀਆਂ ਫੁਟੀਆਂ ਕਰੋਂਪਲਾਂ ਨੇ ਹਰਿਆਲੀ ਦੀਆਂ ਲਹਿਰਾਂ ਬਹਿਰਾਂ ਲਾ ਦਿੱਤੀਆਂ।"

ਮੈਂ ਚੁਪ-ਚਾਪ ਗੱਲਾਂ ਸੁਣੀ ਗਿਆ। ਮੈਨੂੰ ਪਤਾ ਪਤਾ ਲੱਗ ਗਿਆ ਸੀ ਕਿ ਰਾਮ ਦਿਆਲ ਦੇ ਦਿਮਾਗ ਵਿਚ ਹੁਣ ਕੋਈ ਹੋਰ ਮਿਸ਼ਨ ਅਰੰਭ ਕਰਨ ਦੀ ਸਕੀਮ ਹੋਵੇਗੀ। ਇਹ ਗੱਲ ਬਿਲਕੁਲ ਸੱਚ ਨਿਕਲੀ। ਹਾਲੇ ਸਾਡੀ ਗੱਲ ਹੋਈ ਨੂੰ ਹਫ਼ਤਾ ਵੀ ਨਹੀਂ ਸੀ ਹੋਇਆ ਕਿ ਰਾਮ ਦਿਆਲ ਇੱਕ ਹੋਰ ਮਿਸ਼ਨ ਲੈ ਕੇ ਆ ਗਿਆ।ਇਹ ਮਿਸ਼ਨ ਸੀ ਮਿਸ਼ਨ ਨਵੋਦਿਆ। ਆਉਂਦਿਆਂ ਹੀ ਮੇਰੇ ਨਾਲ ਗੱਲੀਂ ਪੈ ਗਿਆ।

ਦੋਸਤਾ ਮੈਂ ਇੱਕ ਕੰਮ ਲੈ ਕੇ ਆਇਆਂ। ਜੇ ਓਸੀਂ ਪਾਸ ਹੋ ਗਏ ਤਾਂ ਬਹੁਤ ਸਾਰੇ ਬੱਚਿਆਂ ਨੂੰ ਉਹਨਾਂ ਦੀ ਮੰਜ਼ਿਲ ਜਾਊਗੀ। ਉਹਨਾਂ ਦਾ ਚੰਗੇ ਸਕੂਲਾਂ 'ਚ ਪੜ੍ਹ ਦਾ ਸੁਪਨਾ ਪੂਰਾ ਹੋ ਜਾਊਗਾ।" ਪਰ ਕਿੱਦਾਂ ਭਾਜੀ ?"

ਮੈਂ ਤੈਨੂੰ ਦੱਸਦਾਂ।ਇਹ ਹੈ ਸੈਂਟਰ ਸਕੂਲ ਨਵੋਦਿਆ ਦੀ ਪੜ੍ਹਈ ਬਾਰੇ। ਇਹ ਹਰ ਜ਼ਿਲ੍ਹੇ 'ਚ ਇੱਕ ਸਕੂਲ ਪੈਂਦਾ। ਇਥੇ ਛੇਵੀਂ ਤੋਂ ਬਾਰਵੀਂ ਤੱਕ ਪੜ੍ਹਾਈ ਮੁਫ਼ਤ ਕਰਾਈ ਜਾਂਦੀ ਆ। ਉਹ ਵੀ ਸੀ. ਬੀ. ਐੱਸ. ਈ. ਸਿਲੇਬਸ ਵਿਚੋਂ। ਕਾਪੀਆਂ, ਕਿਤਾਬਾਂ, ਰਿਹਾਇਸ਼, ਖਾਣਾ ਸਭ ਕੁਝ ਮੁਫ਼ਤ। ਛੇਵੀਂ ਜਮਾਤ ਵਿਚ ਦਾਖਲੇ ਲਈ ਇਹ ਇੱਕ ਟੈਸਟ ਲੈਂਦੇ ਆ।ਸੀਟਾਂ ਹੁੰਦੀਆਂ ਅੱਸੀ। ਸਰਕਾਰੀ ਸਕੂਲਾਂ ਦਾ ਪੰਜਮੀਂ ਜਮਾਤ ਵਿਚ ਪੜ੍ਹਦਾ ਬੱਚਾ ਇਹ ਟੈਸਟ ਦੇ ਸਕਦਾ। ਜਿਹੜਾ ਬੱਚਾ ਟੈਸਟ ਪਾਸ ਕਰ ਗਿਆ ਉਹ ਸਮਝ ਲੈ ਘਰਦਿਆਂ ਦਾ ਢਾਈ ਤਿੰਨ ਲੱਖ ਰੁਪਇਆ ਬਚਾ ਗਿਆ।" ਪਰ..।" ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਹ ਫਿਰ ਸ਼ੁਰੂ ਹੋ ਗਿਆ।"

ਪ੍ਰਬੰਧ ਸਾਰਾ ਮੈਂ ਕਰ ਲਿਆ।ਸਾਰਿਆਂ ਸਕੂਲਾਂ ਨੂੰ ਚਿੱਠੀਆ ਕੱਢ ਦਿਤੀਆਂ।ਇਸ ਐਤਬਾਰ ਤੋਂ ਕੋਚਿੰਗ ਕਲਾਸ ਸ਼ੁਰੂ ਕਰਨੀ ਐਂ।ਬੱਚਿਆਂ ਦੀ ਫੋਟੋ ਖਿਚਵਾ ਕੇ ਫਾਰਮ ਇੱਥੇ ਹੀ ਭਰ ਦਿਆਂਗੇ।ਫੋਟੋ ਗ੍ਰਾਫਰ ਤੇ ਫਾਰਮ ਮੈਂ ਚੰਡੀਗੜ੍ਹੋਂ ਨਾਲ ਲੈ ਕੇ ਆਊਂ ਕਾਪੀਆਂ ਗਾਇਡਾਂ ਸਟੇਸ਼ਨਰੀ ਮੇਰੇ ਵਲੋਂ ਹੋਵੇਗੀ ਤੁਸੀਂ ਸਿਰਫ ਛੁੱਟੀ ਵਾਲੇ ਦਿਨ ਇੱਥੇ ਆ ਕੇ ਦਸ ਤੋਂ ਤਿੰਨ ਵਜੇ ਤੱਕ ਕਲਾਸਾਂ ਲਾਉਣੀਆਂ।"

ਨਵੋਦਿਆ ਦੇ ਪਰਚੇ ਦੀ ਤਿਆਰੀ ਕਰਾਉਣ ਦਾ ਕੰਮ ਸ਼ੁਰੂ ਹੋ ਗਿਆ।ਇਲਾਕੇ ਦੇ ਵੀਹ ਪੱਚੀ ਪਿੰਡਾਂ ਤੋਂ ਸੌ ਦੇ ਕਰੀਬ ਬੱਚੇ ਹੁਕੜਾਂ ਸੈਂਟਰ ਪੜ੍ਹਨ ਲਈ ਆਉਣ ਲੱਗੇ। ਮੈਂ ਆਪਣੇ ਨਾਲ ਆਪਣੇ ਦੋ ਦੋਸਤ ਹੋਰ ਪਰਚੇ ਦੀ ਤਿਆਰੀ ਕਰਾਉਣ ਲਈ ਰੱਖ ਲਏ। ਅਸੀਂ ਤਿੰਨੇ ਜਣੇ ਡੱਟ ਕੇ ਗਣਿਤ, ਪੰਜਾਬੀ ਅਤੇ ਮਾਨਸਿਕ ਯੋਗਤਾ ਪ੍ਰਸ਼ਨਾਂ ਦੀ ਤਿਆਰੀ ਕਰਾਉਣ ਲੱਗੇ। ਐਤਵਾਰ ਅਤੇ ਸਰਕਾਰੀ ਛੁੱਟੀ ਵਾਲੇ ਦਿਨ ਅਸੀਂ ਕਲਾਸ ਲਾਉਂਦੇ। ਇਹ ਕੰਮ ਫਰਵਰੀ ਦੇ ਪਹਿਲੇ ਹਫਤੇ ਤੱਕ ਚੱਲਣਾ ਸੀ। ਸਖਤ ਠੰਡ ਵਾਲੇ ਦਿਨਾਂ ਵਿਚ ਸਾਨੂੰ ਸਵੇਰੇ ਉੱਠ ਕੇ ਜਾਣਾ ਪੈਂਦਾ। ਮਹੀਨਾ ਦੋ ਮਹੀਨੇ ਘਰਦਿਆਂ ਦੀ ਘਿਚ-ਘਿਚ ਦਾ ਸਾਹਮਣਾ ਕਰਨਾ ਪਿਆ। ਅਖੇ ਅੱਜ ਫਲਾਨੇ ਰਿਸ਼ਤੇਦਾਰ ਦੇ ਜਾਣਾ ਹੈ ਅੱਜ ਧਮਕੀਨੇ ਰਿਸ਼ਤੇਦਾਰ ਦੇ ਜਾਣਾ ਹੈ। ਸਾਡੇ ਵਲੋਂ ਕੋਈ ਖਾਸ ਉਤਸ਼ਾਹ ਨਾ ਦੇਖ ਕੇ ਉਹ ਵੀ ਹੌਲੀ ਹੌਲੀ ਚੁੱਪ ਕਰ ਗਏ।

ਅਸੀਂ ਤਿੰਨਾਂ ਨੇ ਬੱਚਿਆਂ ਨੂੰ ਤਿਆਰੀ ਕਰਾਉਣ 'ਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਸਾਰਾ ਪਾਠਕ੍ਰਮ ਦੋ ਤਿੰਨ ਵਾਰ ਦੁਹਰਾ ਦਿੱਤਾ ਗਿਆ।ਪੜ੍ਹਨ ਆਉਣ ਵਾਲੇ ਬੱਚਿਆਂ ਵਿਚ ਕੁਝ ਬੱਚੇ ਪ੍ਰਵਾਸੀਆਂ ਦੇ ਵੀ ਸਨ। ਇੱਕ ਬੱਚਾ ਬਬਲੂ, ਜਿਸਦੇ ਮਾਪੇ ਬਿਹਾਰੀ ਸਨ, ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਬਬਲੂ ਕੱਦ-ਕਾਠ ਤੋਂ ਉੱਚਾ ਲੰਮਾ ਅਤੇ ਸਰੀਰੋਂ ਨਿੱਗਰ ਸੀ। ਬਬਲੂ ਤੇ ਉਸਦਾ ਪਰਿਵਾਰ ਮੋਟਰ ਤੇ ਹੀ ਰਹਿੰਦੇ ਸਨ। ਸਾਰਾ ਦਿਨ ਉਸਦੇ ਘਰਦੇ ਜਿਮੀਦਾਰ ਨਾਲ ਕੰਮ ਕਰਾਉਂਦੇ।ਬਬਲੂ ਨੂੰ ਵੀ ਕਾਫ਼ੀ ਕੰਮ ਕਰਾਉਣਾ ਪੈਂਦਾ। ਸੈਂਟਰ ਵਿਖੇ ਰਾਮ ਦਿਆਲ ਦੇ ਆਇਆਂ ਉਹ ਉਸਦੇ ਇੱਕ ਇੱਕ ਕਥਨ ਨੂ ਧਿਆਨ ਨਾਲ ਸੁਣਦਾ। ਉਹ ਮਾਨਸਿਕ ਤੌਰ ਤੇ ਵੀ ਬਹੁਤ ਸਤਰਕ ਸੀ। ਗਣਿਤ ਦੇ ਤਰੀਕੇ ਆਪਾਂ ਜਮਾਤ ਵਿਚ ਦੱਸਦੇ ਮਗਰੋਂ ਉਹ ਹੱਲ ਪਹਿਲਾਂ ਕਰ ਲੈਂਦਾ। ਅੱਠਵੀਂ ਜਮਾਤ ਤੱਕ ਦੀਆਂ ਗਣਿਤਿਕ ਵਿਧੀਆਂ ਉਸਨੂੰ ਜਵਾਨੀ ਯਾਦ ਸਨ।

ਨਵੋਦਿਆ ਦਾ ਇਮਤਿਹਾਨ ਹੋ ਗਿਆ।ਮੈਨੂੰ ਹਰ ਰੋਜ ਵਿਦਿਆਰਥੀਆਂ ਦੇ ਪੰਜ ਸੱਤ ਫੋਨ ਅਉਂਦੇ।

ਹੈਲੋ. ਸਰਜੀ..। ਮੈਂ ਹਰਮਨ ਬੋਲਦਾ ਜੀ..। ਨਮਸਤੇ.।ਨਵੋਦਿਆ ਦਾ ਰਿਜ਼ਲਟ ਆ ਗਿਆ ਜੀ।"

ਮੈਂ ਇੱਕ ਦੀ ਤਸੱਲੀ ਕਰਾਉਂਦਾ ਦੂਜੇ ਦਾ ਫੋਨ ਆ ਜਾਂਦਾ, ਦੂਜੇ ਨੂੰ ਦੱਸਦਾ ਤਾਂ ਤੀਜੇ ਦਾ ਫੋਨ ਆ ਜਾਂਦਾ।ਕਈ ਚਿਰ ਇਹ ਪ੍ਰਕਿਰਿਆ ਜਾਰੀ ਰਹੀ।

ਚਾਰ ਮਹੀਨੇ ਬਾਅਦ ਅਖ਼ਬਾਰ 'ਚ ਨਵੋਦਿਆ ਦਾ ਨਤੀਜਾ ਛਪ ਗਿਆ।ਪਾਸ ਹੋਏ ਅੱਸੀ ਵਿਦਿਆਰਥੀਆਂ ਦੇ ਸਿਰਫ ਰੋਲ਼ ਨੰਬਰ ਹੀ ਛਪੇ ਸਨ। ਚੰਡੀਗੜ੍ਹੋਂ ਰਾਮ ਦਿਆਲ ਦੇ ਵੀ ਫੋਨ ਆ ਰਹੇ ਸਨ ਅਖੇ ਸਾਡੇ ਕਿੰਨੇ ਵਿਦਿਆਰਥੀ ਪਾਸ ਹੋਏ ਹਨ।ਸਾਡੇ ਕੋਲ ਰਜਿਸਟਰ ਵਿਚ ਪਾਸ ਹੋਏ ਸਾਰੇ ਵਿਦਿਆਰਥੀਆਂ ਦੇ ਰੋਲ ਨੰਬਰ, ਨਾਂ ਪਤੇ ਲਿਖੇ ਹੋਏ ਸਨ। ਜਦੋਂ ਅਸੀਂ ਰੋਲ ਨੰਬਰ ਅਖ਼ਬਾਰਾਂ ਨਾਲ ਮਿਲਾ ਕੇ ਦੇਖੇ ਤਾਂ ਸਾਡੇ ਬਤਾਲੀ ਵਿਦਿਆਰਥੀ ਪਾਸ ਹੋਏ ਸਨ। ਬਬਲੂ ਵੀ ਪਾਸ ਸੀ। ਤਿੰਨ ਦਿਨ ਬਾਅਦ ਰਾਮ ਦਿਆਲ ਮੇਰੇ ਕੋਲ ਸਕੂਲ ਆ ਗਿਆ।ਬੜੇ ਤਾਪਾਕ ਨਾਲ ਮਿਲਿਆ। ਬੈਠਦਿਆਂ ਹੀ ਨਵੋਦਿਆ ਦੀਆਂ ਗੱਲਾਂ ਛਿੜ ਪਈਆਂ।

ਇੱਕ ਕੰਮ ਆਪਣੇ ਜਿੰਮੇ ਹੋਰ ਰਹਿ ਗਿਆ ਬੱਲਿਆ।" "ਓਹ ਕਿਹੜਾ ਭਾਜੀ ?"

ਆਪਾਂ ਸਾਰੇ ਪਾਸ ਹੋਏ ਬੱਚਿਆਂ ਦੀ ਇੱਕ ਪੇਰੈਂਟਸ ਮੀਟਿੰਗ ਕਰੀਏ। ਮੈਂ ਸਾਰਾ ਕੁਝ ਪਤਾ ਕਰਵਾ ਲਿਆ ਹੈ। ਨਵੋਦਿਆ ਵਾਲਿਆਂ ਨੇ ਛੇਵੀਂ ਜਮਾਤ ਵਿਚ ਬੜੀਆਂ ਫਾਰਮੈਲਟੀਜ਼ ਰੱਖੀਆਂ ਹੋਈਆਂ ਹਨ। ਕਈ ਤਰ੍ਹਾਂ ਦੇ ਸਰਟੀਫਿਕੇਟ ਚਾਹੀਦੈ ਆ, ਜਿੱਦਾਂ ਪੇਂਡੂ, ਐੱਸ. ਸੀ., ਡਾਕਟਰੀ ਰਿਪੋਰਟ, ਆਮਦਨ ਦਾ ਸਰਟੀਫਿਕੇਟ, ਬੀ.ਪੀ.ਈ.ਓ. ਪਾਸੋਂ ਸਰਟੀਫਿਕੇਟ ਤੇ ਹੋਰ ਪਤਾ ਨੀ ਕੀ ਕੀ । ਇਹ ਬੇਚਾਰੇ ਮਾਤ੍ਹੜ ਲੋਕ ਕਿੱਥੇ ਦਿਹਾੜੀਆਂ ਭੰਨ-ਭੰਨ ਕੋਟ ਕਚਹਿਰੀਆਂ ਦੇ ਚੱਕਰ ਕੱਟਦੇ ਫਿਰਨਗੇ। ਤੂੰ ਐ ਕਰ ਸਾਰੇ ਪੇਰੈਂਟਸ ਨੂੰ ਟਾਈਮ ਦੇ-ਦੇ ਮਿੰਨੀ ਸੈਕਟਰੀਏਟ ਕੱਲ੍ਹ ਗਿਆਰਾਂ ਵਜੇ ਦਾ।ਬੱਚਿਆਂ ਨੂੰ ਵੀ ਨਾਲ ਲੈ ਕੇ ਆਉਣ।ਉਥੇ ਇਹਨਾਂ ਦਾ ਸਾਰਾ ਕੰਮ ਕਰਵਾ ਦੇਵਾਂਗੇ।" ਮੈਂ ਘਰ ਆ ਕੇ ਸਾਰੇ ਮਾਪਿਆਂ ਨੂੰ ਫੋਨ ਕਰ ਦਿੱਤੇ।ਅਗਲੇ ਦਿਨ ਮਿੰਨੀ ਸੈਕਟਰੀਏਟ ਦੀ ਚੌਥੀ ਮੰਜ਼ਿਲ ਤੇ ਡੀ.ਈ.ਓ. (ਸ.ਸ) ਦਫ਼ਤਰ ਦੇ ਨਜ਼ਦੀਕ ਮੀਟਿੰਗ ਹਾਲ 'ਚ ਸਾਰਾ ਪ੍ਰਬੰਧ ਕਰ ਲਿਆ।ਜਿਨ੍ਹਾਂ ਨੂੰ ਕਹਿਣਾ ਕਹਾਉਣਾ ਸੀ ਰਾਮ ਦਿਆਲ ਨੇ ਆਪੇ ਫੋਨ ਕਰ ਦਿੱਤੇ।ਵਿਦਿਆਰੀਆਂ ਨੂੰ ਦਿੱਤੀ ਜਾਣ ਵਾਲੀ ਸਮੱਗਰੀ ਉਹਨੇ ਚੰਡੀਗੜ੍ਹੋਂ ਨਾਲ ਲੈ ਕੇ ਅਉਣਾ ਸੀ। ਵਿਦਿਆਰਥੀ ਮਾਪੇ ਮਿਲਣੀ ਦਾ ਦਿਨ ਆ ਗਿਆ। ਮੈਂ ਮਿੱਥੇ ਸਮੇਂ ਤੋਂ ਘੰਟਾ ਕੁ ਪਹਿਲਾਂ ਪਹੰਚ ਗਿਆ।ਕੁਝ ਮਾਪੇ ਬੱਚਿਆ ਨੂੰ ਲੈ ਕੇ ਪਹੁੰਚ ਗਏ ਸਨ ਅਤੇ ਬਾਕੀ ਪਹੁੰਚ ਰਹੇ ਸਨ। ਬੱਚਿਆ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ।ਉਹ ਵਾਰੀ-2 ਆ ਕੇ ਪੈਰੀਂ ਹੱਥ ਲਾ ਰਹੇ ਸਨ। ਮਾਪਿਆਂ ਦੇ ਜੁੜੇ ਹੋਏ ਹੱਥ ਧੰਨਵਾਦ ਵਿਚ ਪਤਾ ਨੀ ਕੀ-ਕੀ ਆਖ ਰਹੇ ਸਨ। ਮੇਰਾ ਮੋਬ-ਾਇਲ ਖੜਕਿਆ।ਰਾਮ ਦਿਆਲ ਦਾ ਫੋਨ ਸੀ।ਉਹ ਮਿੰਨੀ ਸੈਕਟਰੀਏਟ ਦੇ ਨਜ਼ਦੀਕ ਹੀ ਪਹੁੰਚ ਗਿਆ ਸੀ।ਮੇਰੇ ਕੋਲੋਂ ਸਾਰੇ ਪ੍ਰੋਗ੍ਰਾਮ ਬਾਰੇ ਪੁਛਿਆ।

ਭਾਜੀ ਸਾਰਾ ਕੁਝ ਟਿੱਚ ਐ।ਬਸ ਤੁਹਾਡਾ ਈ ਇੰਤਜ਼ਾਰ ਐ।ਸਾਰੇ ਬੱਚੇ, ਮਾਪੇ ਅਤੇ ਫਾਰਮ ਤਸਦੀਕ ਕਰਨ ਵਾਲੇ ਪਹੁੰਚ ਚੁੱਕੇ ਹਨ। ਡੀ. ਓ. ਸਾਹਿਬ ਨੂੰ ਅਸੀਂ ਉਦੋਂ ਹੀ ਹਾਕ ਮਾਰ ਲੈਣੀ ਆਂ। ਬਿਲਕੁਲ ਸਾਡੇ ਕੋਲ ਹੀ ਹਨ।ਤੁਸੀਂ ਬਸ ਆ ਜਾਓ ਛੇਤੀ।" ਇਹ ਕਹਿੰਦਿਆਂ ਤੇ ਫੋਨ ਕੱਟਦਿਆਂ ਮੈਂ ਲਿਫਟ ਵੱਲ ਦੌੜਿਆ ਤਾਂ ਜੋ ਰਾਮ ਦਿਆਲ ਨੂੰ ਛੇਤੀ ਉਪਰ ਲੈ ਆਵਾਂ। ਪਰ ਇਹ ਕੀ ਲਿਫਟ ਤਾਂ ਬੰਦ ਪਈ ਸੀ।ਪੁੱਛਣ ਤੇ ਪਤਾ ਚੱਲਿਆ ਕਿ ਬੱਤੀ ਚਲੀ ਗਈ ਹੈ, ਹੁਣ ਤਰਕਾਲਾਂ ਨੂੰ ਪੰਜ ਵਜੇ ਆਊਗੀ। ਮੇਰੇ ਕਦਮ ਤੇਜ਼ੀ ਨਾਲ ਦਗੜ-ਦਗੜ ਕਰਦੇ ਪੌੜੀਆਂ ਉਤਰਨ ਲੱਗੇ।ਪੌੜੀਆਂ ਉਤਰਦੇ ਮੇਰੇ ਦਿਮਾਗ 'ਚ ਆਇਆ ਕਿ ਉਹ ਪੌੜੀਆਂ ਕਿੱਦਾਂ ਚੜੂਗਾ।ਹਾਲੇ ਮੈਂ ਇਹਨਾਂ ਜਮ੍ਹਾਂ ਤਕਸੀਮਾਂ 'ਚ ਪਿਆ ਈ ਸੀ ਕਿ ਸਾਹਮਣਿਓਂ ਉਸਦੀ ਗੱਡੀ ਆ ਗਈ।ਸਾਡੀ ਦੁਆ ਸਲਾਮ ਹੋਈ ਤੇ ਮੈਂ ਉਹਨਾਂ ਨੂੰ ਪੌੜੀਆਂ ਵੱਲ ਲੈ ਤੁਰਿਆ।

ਭਾਜੀ, ਅੱਜ ਤੁਹਾਨੂੰ ਇੱਕ ਤਕਲੀਫ਼ ਝੱਲਣੀ ਪੈਣੀ ਆਂ"। ਓਏ, ਉਹ ਕਿਹੜੀ ? ਆਪਾਂ ਤਾਂ ਜੰਮੇ ਈ ਤਕਲੀਫ਼ਾਂ 'ਚ ਆਂ।" ਭਾਜੀ ਅੱਜ ਬੱਤੀ ਹੈਨੀ।ਲਿਫਟ ਨੀ ਚੱਲਦੀ।ਪੌੜੀਆਂ ਚੜ੍ਹ ਕੇ ਜਾਣਾ ਪੈਣਾ ਉਪਰ, ਤੀਜੀ ਮੰਜ਼ਿਲ ਤੇ।"

ਹੈਂ। ਕਿੱਦਾਂ ਪਹੁੰਚੂ ਉਪਰ ਫੇ ਇਹ ਅੱਧਾ ਬੰਦਾ। ..ਚੱਲ ਕੋਈ ਨੀ, ਏਧਰ ਆ ਫੇ..।" ਪੌੜੀਆਂ ਵੱਲ ਵਧਦੇ ਹੋਏ ਉਸਨੇ ਆਪਣਾ ਸੱਜਾ ਹੱਥ ਮੇਰੇ ਮੋਢੇ ਤੇ ਰੱਖ ਲਿਆ ਤੇ ਖੱਬੇ ਹੱਥ ਨਾਲ ਪੌੜੀਆਂ ਦੇ ਇੱਕ ਪਾਸੇ ਲੱਗੇ ਲੋਹੇ ਦੇ ਪਾਇਪ ਦਾ ਸਹਾਰਾ ਲੈ ਕੇ ਪੌੜੀਆਂ ਚੜ੍ਹਨ ਲੱਗਾ।ਚਾਰ ਪੰਜ ਪੌਡੇ ਚੜ੍ਹਨ ਉਪਰੰਤ ਉਹ ਰੁਕ ਜਾਂਦਾ।ਨਕਲੀ ਲੱਤ ਨੂੰ ਟੇਡਾ-ਮੇਡਾ ਹਿਲਾ-ਜੁਲਾ ਕੇ ਠੀਕ ਕਰਨ ਦੀ ਕੋਸ਼ਿਸ਼ ਕਰਦਾ ਤੇ ਫੇਰ ਪੌਡੇ ਚੜ੍ਹਨ ਲਗਦਾ। ਲਿਫਟ ਰਾਹੀਂ ਤਾਂ ਚੌਥੀ ਮੰਜ਼ਿਲ ਤੇ ਬਣਿਆ ਦਫ਼ਤਰ ਵੀ ਜ਼ਮੀਨੀ ਤਲ ਤੇ ਬਣੇ ਦਫ਼ਤਰ ਵਾਂਗ ਜਾਪਦਾ ਹੈ ਪਰ ਜਦੋਂ ਅੱਸੀ ਨੱਬੇ ਪੌਡੇ ਚੜ੍ਹ ਕੇ ਚੌਥੀ ਪੰਜਵੀ ਮੰਜ਼ਿਲ ਉਪਰਲੇ ਦਫ਼ਤਰ ਜਾਣਾ ਪਵੇ ਤਾਂ ਚੰਗੇ ਭਲੇ ਨੂੰ ਵੀ ਹੌਂਕਣੀ ਚੜ੍ਹ ਜਾਂਦੀ ਹੈ।ਦਫ਼ਤਰ ਦੇ ਬਾਬੂ ਨਾਲ ਗੱਲ ਕਰਦਿਆ ਸਾਹ ਫੁਲਦਾ ਹੈ।ਸਾਹ ਦੀ ਗਤੀ ਨੂੰ ਆਮ ਵਾਂਗ ਕਰਨ ਲਈ ਪੰਜ-ਸੱਤ ਮਿੰਟ ਦਮ ਮਾਰਨਾ ਪੈਂਦਾ ਹੈ।

ਤੀਜੀ ਮੰਜ਼ਿਲ ਤੇ ਪਹੁੰਚ ਕੇ ਰਾਮ ਦਿਆਲ ਥੋੜ੍ਹਾ ਰੁਕ ਗਿਆ।ਮੱਥੇ ਤੇ ਚਮਕ ਰਹੀਆਂ ਮੁੜ੍ਹਕੇ ਦੀਆਂ ਅਣਗਿਣਤ ਬੂੰਦਾਂ ਇੱਕ ਦੂਜੀ ਸੰਗ ਮਿਲ ਕੇ ਤਤ੍ਹੀਰੀ ਬਣ ਉਸਦੀ ਦੀ ਕਮੀਜ਼ ਤੇ ਪੈਣ ਲੱਗੀਆਂ।ਉਸਨੇ ਜੇਭ 'ਚੋਂ ਰੁਮਾਲ ਕੱਢਿਆ, ਮੂੰਹ, ਮੱਥੇ ਅਤੇ ਗਰਦਨ ਤੇ ਫੇਰਿਆ। ਰੁਮਾਲ ਮੁੜ੍ਹਕੇ ਨਾਲ ਗਹਿ-ਗਚ ਹੋ ਗਿਆ।ਉਨ੍ਹੇ ਗੱਲ ਕਰਦਿਆਂ ਫੇਰ ਪੌਡੇ ਚੜ੍ਹਨੇ ਸ਼ੁਰੂ ਕੀਤੇ।

ਯਾਰ.। ਅਸਲ 'ਚ ਮੇਰੀ ਪ੍ਰੋਬਲਮ ਡਬਲ ਐ।"

ਉਹ ਕਿੱਦਾਂ ਭਾਜੀ.?"

ਤੁਹਾਨੂੰ ਪੌੜੀਆਂ ਚੜ੍ਹਨੀਆਂ ਔਖੀਆਂ ਲਗਦੀਆਂ ਪਰ ਉਤਰਨੀਆਂ ਏਨੀਆਂ ਔਖੀਆਂ ਨੀ ਲਗਦੀਆਂ ਹੋਣਗੀਆਂ।"

ਹਾਂਜੀ ਬਿਲਕੁਲ ਠੀਕ.।"

ਪਰ ਮੇਰੇ ਲਈ ਉਤਰਨੀਆਂ, ਚੜ੍ਹਨ ਨਾਲੋਂ ਵੀ ਵੱਧ ਔਖੀਆਂ। ਜਿੱਥੋਂ ਲੱਤਾਂ ਵੱਢ ਹੋਈਆਂ ਆਂ ਨਾ, ਉੱਥੋਂ ਮਾਸ ਮੇਰੇ ਕੂਲ੍ਹਿਆਂ 'ਚੋਂ ਕੱਢ-ਕੱਢ ਸੀਤਾ ਹੋਇਆ।ਜਦੋਂ ਇਸ ਮਾਸ ਤੇ ਜੋਰ ਪੈਂਦਾ ਐ ਨਾ, ਤਾਂ ਬੜੀ ਜਾਨ ਨਿਕਲਦੀ ਐ।"

ਸੁਣ ਕੇ ਮੇਰੇ ਹੌਲ ਜਿਹਾ ਪਿਆ।ਮੂੰਹ 'ਚੋਂ ਬੋਲ ਕੋਈ ਨਾ ਨਿਕਲਿਆ।ਆਪਾਂ ਚੌਥੀ ਮੰਜ਼ਿਲ ਹਾਲ 'ਚ ਪਹੁੰਚੇ ਤਾਂ ਬੱਚਿਆਂ ਨੇ ਸਾਡਾ ਜੋਰਦਾਰ ਤਾੜੀਆਂ ਨਾਲ ਸਵਾਗਤ ਕੀਤਾ। ਪਹਿਲੋਂ ਮਿੱਥੀ ਰੂਪ ਰੇਖਾ ਅਨੁਸਾਰ ਕੰਮ ਹੋਣਾ ਸ਼ੁਰੂ ਹੋ ਗਿਆ। ਫਾਰਮਾਂ ਦੇ ਥੱਬਿਆਂ ਦੇ ਥੱਬੇ ਟਾਇਪ ਹੋਣ ਲੱਗੇ।ਇੱਕ ਘੰਟੇ ਬਾਅਦ ਹੀ ਜਰੂਰੀ ਕਾਗਜ਼ਾਂ ਦੀ ਫਾਇਲ ਹਰ ਵਿਦਿਆਰਥੀ ਦੇ ਹੱਥ ਵਿਚ ਸੀ। ਜ਼ਿਲ੍ਹਾ ਸਿਖਿਆ ਅਧਿਕਾਰੀ ਨੇ ਪਾਸ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਵੇਅਰਨੈੱਸ ਮਿਸ਼ਨ ਦੇ ਕੰਮਾਂ ਦੀ ਜੰਮ ਕੇ ਤਾਰੀਫ਼ ਕੀਤੀ।ਪਾਸ ਹੋਏ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਨਵੋਦਿਆ ਸੰਸਥਾ ਵਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਤੋਂ ਜਾਣੂ ਕਰਵਾਇਆ।ਆਖਰ ਵਿਚ ਮੈਂ ਰਾਮ ਦਿਆਲ ਨੂੰ ਮਾਇਕ ਫੜਾਇਆ।ਮਾਇਕ ਫੜ ਕੇ ਉਹ ਹਰ ਵਾਰ ਦੀ ਤਰ੍ਹਾਂ ਡਾਇਸ ਤੋਂ ਕਾਫ਼ੀ ਅੱਗੇ ਬੱਚਿਆਂ ਦੇ ਬਿਲਕੁਲ ਸਾਹਮਣੇ ਆ ਗਿਆ।ਬੱਚਿਆਂ ਨੂੰ ਉੱਚੀ ਦੇਣਾ ਪੁਛਿਆ: ਬਈ ਤੁਸੀਂ ਸਾਰੇ ਰਾਜ਼ੀ-ਬਾਜ਼ੀ ਹੋ?"

ਹਾਂ..ਜੀ..।

ਇੱਥੇ ਆ ਕੇ ਥਾਨੂੰ ਚੰਗਾ ਲੱਗ ਰਿਹਾ?"

ਹਾਂ. ਜੀ..।"

ਨਵੋਦਿਆ ਸਕੂਲ ਜਾ ਕੇ ਸਾਰੇ ਪੜ੍ਹੂੰਗੇ ਚੰਗੀ ਤਰ੍ਹਾਂ ?"

ਹਾਂ..ਜੀ..।"

ਮੈਨੂੰ ਪਤਾ ਥਾਡੇ 'ਚੋਂ ਕਈ ਜਣੇ ਐਮੀ ਹਾਂ ਜੀ ਕਹੀ ਜਾਂਦੇ ਐ, ਮੇਰਾ ਦਿਲ ਰੱਖਣ ਨੂੰ। ਤੁਸੀਂ ਬੜੇ ਖਰਾਬ ਹੋ।ਐਮੀ ਹਾਂ ਜੀ ਕਹਿੰਦੇ ਹੋ ਨਾ?"

ਉਨਹੀਂ .ਜੀ..।" ਨਹੀਂ ਜੀ, ਬੱਚਿਆਂ ਨੇ ਪਹਿਲਾਂ ਨਾਲੋਂ ਵੀ ਜਿਆਦਾ ਜੋਰ ਲਾ ਕੇ ਆਪਣਾ ਮਨ ਉਸ ਨਾਲ ਸਾਂਝਾ ਕੀਤਾ।ਸਾਰੇ ਬੱਚੇ ਇੱਕ ਟੱਕ ਉਸ ਵੱਲ ਦੇਖ ਰਹੇ ਸਨ। ਉਹਨਾਂ ਨੂੰ ਆਲੇ ਦੁਆਲੇ ਦਾ ਕੋਈ ਚਿਤ ਚੇਤਾ ਨਹੀਂ ਸੀ। ਨਾਲ ਆਏ ਮਾਪੇ ਰਾਮ ਦਿਆਲ ਅਤੇ ਆਪਣੇ ਬੱਚਿਆਂ ਵਿਚਲੇ ਅਪਣੱਤ ਭਰੇ ਰਿਸ਼ਤੇ ਨੂੰ ਦੇਖ ਕੇ ਫੁੱਲੇ ਨਹੀਂ ਸੀ ਸਮਾ ਰਹੇ। ਉਨਾਂ ਦੀਆਂ ਅੱਖਾਂ ਵਿਚਲੀ ਸਿੱਲ ਇਸ ਅਥਾਹ ਖੁਸ਼ੀ ਦੀ ਗਵਾਹੀ ਭਰ ਰਹੀ ਸੀ। ਰਾਮ ਦਿਆਲ ਨੇ ਫਿਰ ਬੋਲਣਾ ਸ਼ੁਰੂ ਕੀਤਾ।

ਓ..ਕੇ.।ਤੁਸੀਂ ਸਾਰੇ ਬੜੇ ਵਧਾਈ ਦੇ ਪਾਤਰ ਹੋ। ਜ਼ਿਲ੍ਹੇ ਦੇ ਤਿੰਨ ਹਜ਼ਾਰ ਕਰੀਮ ਵਿਦਿਆਰਥੀਆ ਵਿਚੋਂ ਤੁਸੀ ਚੁਣ ਕੇ ਆਏ ਹੋ। ਤੁਹਾਡੇ ਮਾਂ ਬਾਪ ਨੂੰ ਵੀ ਮੁਬਾਰਕਬਾਦ। ਜਿਹੜੇ ਤੁਹਾਨੂੰ ਇੰਨੀ ਠੰਡ 'ਚ ਪੜ੍ਹਨ ਭੇਜਦੇ ਰਹੇ। ਹੁਣ ਓਥੇ ਜਾ ਕੇ ਥਾਡਾ ਕੰਮ ਸ਼ੁਰੂ ਹੋਣਾ ਅਸਲ ਪੜ੍ਹਾਈ ਦਾ।ਥੋਡੇ ਸੁਪਨੇ ਪੂਰੇ ਹੋਣੇ ਨੇ। ਕੋਈ ਡਰ-ਡੁਕਰ ਨੀ ਓਥੇ। ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਥਾਨੂੰ ਡੀ.ਈ.ਓ. ਸਾਹਿਬ ਪਹਿਲਾਂ ਈ ਦੱਸ ਚੁੱਕੇ ਆ। ਮੈਨੂੰ ਪਤੈ ਥੋਡੇ 'ਚੋਂ ਬਹੁਤਿਆਂ ਦੇ ਮਾਂ-ਬਾਪ ਪੜ੍ਹਾਈ ਤੋਂ ਕੋਰੇ ਆ। ਕਈਆਂ ਨੂੰ ਤਾਂ ਇਹ ਵੀ ਨਹੀਂ ਪਤਾ ਹੋਣਾ ਕਿ ਤੁਸੀਂ ਕੀ ਪੜ੍ਹਦੇ ਹੋ। ਘਰ ਵਿਚ ਥਾਡਾ ਹੋਮ ਵਰਕ ਵੀ ਕਰਵਾਉਣ ਵਾਲਾ ਕੋਈ ਨੀ ਹੁੰਦਾ। ਪਰ ਨਵੋਦਿਆ 'ਚ ਇੰਜ ਨਹੀਂ ਹੁੰਦਾ। ਜਿਸ ਕਮਰੇ 'ਚ ਤੁਸੀਂ ਸੌਣਾ ਹੈ, ਉਸਦੇ ਨਾਲ ਵਾਲੇ ਕਮਰੇ ਵਿਚ ਦੋ ਅਧਿਆਪਕ ਵੀ ਹੋਣਗੇ। ਜੇ ਰਾਤ ਦੇ ਬਾਰਾਂ ਵਜੇ ਵੀ ਤੁਹਾਡੇ ਕੋਲੋਂ ਕੋਈ ਸਵਾਲ ਨੀ ਹੱਲ ਹੋ ਰਿਹਾ ਤਾਂ ਤੁਸੀਂ ਉੱਠ ਕੇ ਅਧਿਆਪਕ ਵਾਲੇ ਕਮਰੇ ਦਾ ਦਰ ਖੜਕਾ ਸਕਦੇ ਹੋ।ਅਧਿਆਪਕ ਅੱਧੀ ਰਾਤ ਨੂੰ ਥਾਨੂੰ ਸਵਾਲ ਸਮਝਾਊਗਾ। ਮੇਰਾ ਖਿਆਲ ਥਾਨੂੰ ਘਰਾਂ 'ਚ ਇੰਨਾ ਵਧੀਆ ਮਾਹੌਲ ਨੀ ਮਿਲਣਾ। ਮੈਂ ਓਥੇ ਵੀ ਫੇਰਾ ਮਾਰਿਆਂ ਕਰਾਂਗਾ।ਥਾਡੇ ਰਹਿਣ ਵਾਸਤੇ ਮੈਂ ਇੱਕ ਇੱਕ ਚੀਜ਼ ਚੰਡੀਗੜ੍ਹੋਂ ਲੈ ਕੇ ਆਇਆਂ। ਆਸ ਕਰਦਾ ਥਾਨੂੰ ਮਿਲ ਗਈ ਹੋਵੇਗੀ।"

ਹਾਂ ਜੀ।" ਫੇਰ ਹਾਂ ਜੀ। ਇਹ ਹਾਂ ਜੀ ਥਾਡੇ ਮੂੰਹ ਤੇ ਚੜ੍ਹਿਆ ਪਿਆ। ਚਲੋ, ਠੀਕ ਐ।ਬੜਾ ਸਮਾਂ ਲੈ ਲਿਆ ਥਾਡਾ। ਮੈਂ ਇੱਥੇ ਆਈ ਹਰ ਇੱਕ ਰੂਹ ਨੂੰ ਨਮਨ ਕਰਦਾ। ਖਾਸ ਕਰਕੇ ਅਧਿਆਪਕਾਂ ਨੂੰ ਜਿਨ੍ਹਾਂ ਨੇ ਮੇਰੇ ਮਿਸ਼ਨ ਨੂੰ ਸਿਰੇ ਚਾੜ੍ਹਿਆ।ਮੈਂ ਕੋਈ ਦਾਨੀ ਨੀ ਯਾਰ।ਮੈਂ ਤਾਂ ਛੋਟਾ ਬੰਦਾ ਆਂ। ਇਹ ਤਾਂ ਮੈਂ ਕਰਜ਼ ਲਾਹ ਰਿਹਾ। ਮੈਂ ਵੀ ਏਦਾਂ ਈ ਪੜ੍ਹਿਆਂ ਥਾਡੇ ਵਾਂਗ।ਮੈਂ ਚਾਹੁੰਦਾ ਤੁਸੀਂ ਸਾਰੇ ਦੱਬ ਕੇ ਪੜ੍ਹੋ, ਕੁਝ ਨਾ ਕੁਝ ਅੱਛਾ ਬਣੋ ਜ਼ਿੰਦਗੀ 'ਚ। ਥਾਡੀ ਸਫਲਤਾ ਮੈਨੂੰ ਬੜਾ ਸਕੂਨ ਦਿੰਦੀ ਆ।ਮੈਂ ਕੱਲਾ ਕੁਛ ਨੀ ਕਰ ਸਕਦਾ।ਮੈਂ ਤਾਂ ਆਪ ਅੱਧਾ ਆਦਮੀ ਆਂ।ਪਰ ਤੁਸੀਂ ਸਾਰੇ ਮੇਰੇ ਅੰਗ ਹੋ।ਮੇਰੀਆਂ ਲੱਤਾਂ ਬਾਹਾਂ ਹੋ।ਥਾਡੇ ਨਾਲ ਮੈਨੂੰ ਆਪਣਾ ਆਪ ਪੂਰਾ ਲਗਦਾ।ਅੱਛਾ ਏਦਾਂ ਈ ਅੱਗੇ ਵਧਿਓ।ਕੀਪ ਇੱਟ ਅੱਪ। ਥੈਂਕ ਯੂ.। ਥੈਂਕਸ ਵੈਰੀ ਮੱਚ।"

ਏਨਾ ਕਹਿੰਦਿਆਂ ਰਾਮ ਦਿਆਲ ਨੇ ਮਾਇਕ ਛੱਡ ਦਿੱਤਾ।ਹਾਲ ਕਿੰਨਾ ਚਿਰ ਤਾੜੀਆਂ ਨਾਲ ਗੂੰਜਦਾ ਰਿਹਾ। ਸਮਾਗਮ ਖਤਮ ਹੋ ਗਿਆ। ਵਿਦਿਆਰਥੀਆਂ ਨੇ ਰਾਮ ਦਿਆਲ ਦੁਆਲੇ ਝੁਰਮਟ ਜਿਹਾ ਪਾ ਲਿਆ।ਉਹ ਵਾਰੀ ਵਾਰੀ ਆ ਕੇ ਉਸ ਨਾਲ ਹੱਥ ਮਿਲਾਈ ਜਾਣ। ਉਹ ਉਹਨਾਂ ਦੇ ਕਲਾਵੇ ਭਰਦਾ ਜਾਵੇ।ਆਪਣੇ ਬੱਚਿਆਂ ਦਾ ਰਾਮ ਦਿਆਲ ਨਾਲ ਲਗਾਵ ਦੇਖ ਕੇ ਮਾਪਿਆਂ ਨੂੰ ਉਹ ਕਿਸੇ ਫਰਿਸ਼ਤੇ ਤੋਂ ਘੱਟ ਨਹੀਂ ਸੀ ਜਾਪ ਰਿਹਾ। ਉਨਾਂ ਦੀਆਂ ਨਮ ਅੱਖਾਂ ਵਿਚ ਉਸ ਲਈ ਵੱਡਾ ਤਰਲਾ ਸੀ। ਸਾਰੇ ਆਪੋ ਆਪਣੇ ਥਾਂਈਂ ਹੋ ਗਏ। ਮੈਂ ਸਮਾਨ ਸਮੇਟਣ 'ਚ ਰੁਝ ਗਿਆ। ਵਾਧੂ ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਥੱਲੇ ਖੜੀ ਗੱਡੀ ਵਿਚ ਰਖਵਾਉਣਾ ਸ਼ੁਰੂ ਕੀਤਾ। ਸਾਰਾ ਨਿਕ-ਸੁਕ ਸਾਂਭਦਿਆਂ ਮੈਨੂੰ ਅੱਧਾ ਘੰਟਾ ਲੱਗ ਗਿਆ। ਗੱਡੀ ਵਿਚ ਫਾਇਲਾਂ ਰੱਖਦਿਆਂ ਮੈਨੂੰ ਰਾਮ ਦਿਆਲ ਦਾ ਚੇਤਾ ਆਇਆ: ਉਓੜਹੋੜ.।ਉਹ ਕਿੱਦਾਂ ਉਤਰੂਗਾ ਹੁਣ?"

ਸੋਚਦਿਆਂ ਮੈਂ ਦੌੜ ਕੇ ਪੌੜੀਆਂ ਵੱਲ ਵਧਿਆ। ਰਾਮ ਦਿਆਲ ਬੱਚਿਆਂ ਦੇ ਘੇਰੇ ਵਿਚ ਬਬਲੂ ਦੇ ਮੋਢੇ ਉੱਤੇ ਸੱਜਾ ਹੱਥ ਰੱਖੀ ਆਖਰੀ ਪੌਡਾ ਉਤਰ ਰਿਹਾ ਸੀ।ਉਸਦੇ ਚਿਹਰੇ ਉੱਤੇ ਦਰਦ ਦੇ ਕੋਈ ਹਾਵ ਭਾਵ ਨਹੀਂ ਸਨ। ਮੱਥੇ ਤੇ ਮਾੜਾ ਮੋਟਾ ਮੁੜ੍ਹਕਾ ਚਮਕ ਰਿਹਾ ਸੀ। ਬੱਚਿਆਂ ਸੰਗ ਗੁਫ਼ਤਗੂ ਕਰਦਿਆਂ ਰਾਮ ਦਿਆਲ ਤਵਿਆਂ ਵਾਲੀ ਮਸ਼ੀਨ ਵਾਂਗ ਖਿੜ-ਖਿੜ ਹੱਸ ਰਿਹਾ ਸੀ।ਮੈਂ ਉੱਥੇ ਹੀ ਰੁਕ ਗਿਆ ਅਤੇ ਉਹਨਾਂ ਨੂੰ ਆਪਣੇ ਤੋਂ ਦੂਰ ਗੇਟ ਤੱਕ ਜਾਂਦਿਆਂ ਤੱਕਦਾ ਰਿਹਾ। ਜਦੋਂ ਮੈਂ ਉਹਨਾਂ ਦੇ ਪੈਰਾਂ ਵੱਲ ਝਾਤੀ ਮਾਰੀ ਤਾਂ ਮੈਨੂੰ ਰਾਮ ਦਿਆਲ ਦੀ ਧੜ ਨਾਲ ਸੌ ਲੱਤਾਂ ਤੁਰ ਰਹੀਆਂ ਜਾਪੀਆਂ। **(ਚਲਦਾ)**

Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ
ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ
ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ,
ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ
ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ
ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL
BOUTIQUE
JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138

INDIA BAZAAR





Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210

AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ
ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ।
ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

Harmandeep Singh

510- 733- 2222
1421 Industrial PKWY West#F Hayward, CA 94544

Nationwide®

AUTO
HOME
LIFE

BUNDLE & SAVE UPTO 25%

Let Nationwide combine your auto, home and life insurance policies. You'll get our famous On Your Side * service and you could save up to 25%. To learn more about combining your policies, call us today.

Nationwide* Insurance
www.nationwide.com/jhamat

Manjinder S Jhamat
Jhamat Insurance Agency
1743 Grand Canal Blvd. Suite 12
Stockton CA 95207
(209) 472-2061
jhamatm@nationwide.com



Manjinder S Jhamat

Products underwritten by Nationwide Mutual Insurance Company and Affiliated Companies, Columbus, OH, Subject to underwriting guidelines, review and approval. Nationwide, the Nationwide Framemark, and On Your Side are service marks of Nationwide Mutual Insurance Company, Saving compared to standalone price of each policy, based on national new customer data from May 2010. Availability and discounts vary by state and other factors. ADP-1230 (06/11)

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

**Fresh Sweets, Snacks & Food**

Catering for All occasions up to 10000 guests

Lunch - Dinner - Take Out - Banquets

## Raja Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111

## Raja Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com



ਕਸ਼ਮੀਰ ਸਿੰਘ ਹੀਰਾ

# INDIA MARKET

SWEETS & SPICES

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ



ਬਰਿੰਦਰ ਬੰਗੜ



Eyebrow Threading & Henna Tattoo (each hand)

Only for $ 5.00

(Regular $ 8.00)
Walk In Welcome
Mon-Sat 10am to 7 pm

The Threading queen threading & HEENA TATTOOS

Call for appointment
(916) 297-0150, (916) 316-8199

1265 Pleasant grove blve# 100
Roseville 95747 (916) 297-0150, (916) 786-7666




## Sweets Spices Chaat House

Chaat Papdi. Samosa Chaat. Pani Puri. Dahi Vada. Bhel Puri Chaat

Chaat Plate Only for $2.99

**916-786-7666**

1265 Pleasant Grove Blvd. # 100 Roseville, CA 95747

## We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & morel

We accept EBT cards

**916-338-5511**

5203 Elkhorn Blvd.Sacramento, CA 95842